


ਮੁੱਖ ਪੰਨਾ



ਯਾਰਡਸ



ਸੜਕਾਂ ਅਤੇ ਸਾਈਡਵਾਕਸ



ਨੇਬਰਹੁੱਡ



ਪਾਰਕ ਅਤੇ ਟ੍ਰੇਲਾਂ



ਸੁਰੱਖਿਆ

ਚੰਗੇ ਗਵਾਂਢੀ ਗਾਈਡ

ਬਾਇ-ਲਾਅਜ, ਸਟੈਂਡਰਡਾਂ ਅਤੇ ਟਾਊਨ ਔਫ ਕੈਲਡਨ *(Town of Caledon)* ਬਾਰੇ ਹੋਰ ਜਾਣਕਾਰੀ

TOWN OF CALEDON

ਮੀਟਿੰਗਾਂ, ਏਜੰਡਿਆਂ, ਕਾਰਵਾਈਆਂ ਦੇ ਮਿੰਟਾਂ ਅਤੇ ਰਿਕਾਰਡਿੰਗਾਂ ਲਈ, ***caledon.ca/agenda*** ਤੇ ਜਾਓ



Annette Groves
ਮੇਅਰ
Mayor@caledon.ca



Christina Early
ਰੀਜਨਲ ਕਾਉਂਸਲਰ
ਵਾਰਡ 1,2 ਅਤੇ 3
christina.early@caledon.ca



Lynn Kiernan
ਏਰੀਆ ਕਾਉਂਸਲਰ
ਵਾਰਡ 1
lynn.kiernan@caledon.ca



Dave Sheen
ਏਰੀਆ ਕਾਉਂਸਲਰ
ਵਾਰਡ 2
dave.sheen@caledon.ca



Doug Maskell
ਏਰੀਆ ਕਾਉਂਸਲਰ
ਵਾਰਡ 3
doug.maskell@caledon.ca



Mario Russo
ਰੀਜਨਲ ਕਾਉਂਸਲਰ
ਵਾਰਡ 4,5 ਅਤੇ 6
mario.russo@caledon.ca



Nick de Boer
ਏਰੀਆ ਕਾਉਂਸਲਰ
ਵਾਰਡ 4
nick.deboer@caledon.ca



Tony Rosa
ਏਰੀਆ ਕਾਉਂਸਲਰ
ਵਾਰਡ 5
tony.rosa@caledon.ca




Cosimo Napoli
ਏਰੀਆ ਕਾਉਂਸਲਰ
ਵਾਰਡ 6
cosimo.napoli@caledon.ca

ਟਾਊਨ ਔਫ ਕੈਲਡਨ ਕਾਉਂਸਿਲ

ਕੈਲਡਨ ਦੀ ਟਾਊਨ ਕਾਉਂਸਿਲ (Town Council), ਟਾਊਨ ਔਫ ਕੈਲਡਨ ਦੇ ਸ਼ਾਸਨ ਲਈ ਜ਼ਿੰਮੇਵਾਰ ਹੈ। ਕਾਉਂਸਿਲ ਦੀ ਅੰਸ਼ਕ ਭੂਮਿਕਾ ਇਸ ਗਾਈਡ ਵਿੱਚ ਦਿੱਤੇ ਕਈ ਬਾਇ-ਲਾਅਜ ਅਤੇ ਵਿਧਾਨਾਂ ਦੀ ਸਿਫਾਰਿਸ਼ ਕਰਨਾ ਅਤੇ ਉਹਨਾਂ ਵਿੱਚ ਬਦਲਾਅ ਕਰਨਾ ਹੈ। ਮੇਅਰ ਅਤੇ ਵਾਰਡ ਕਾਉਂਸਲਰ ਇਸ ਬਾਰੇ ਤੁਹਾਡੇ ਫੀਡਬੈਕ ਦਾ ਸੁਆਗਤ ਕਰਦੇ ਹਨ ਕਿ ਕੈਲਡਨ ਨੂੰ ਰਹਿਣ, ਕੰਮ ਕਰਨ ਅਤੇ ਖੇਡਣ ਦੀ ਹੋਰ ਬਿਹਤਰ ਜਗ੍ਹਾ ਕਿਵੇਂ ਬਣਾਇਆ ਜਾਵੇ।

ਟਾਊਨ ਔਫ ਕੈਲਡਨ ਵਾਰਡ ਨਕਸ਼ਾ



ਚੰਗੇ ਗਵਾਂਢੀ ਹੋਣ ਦਾ ਕੀ ਮਤਲਬ ਹੈ?

ਸਾਡੇ ਲਈ ਇਸਦਾ ਮਤਲਬ ਹੈ - ਇੱਕ ਦੂਜੇ ਦੀ ਦੇਖਭਾਲ ਕਰਨਾ, ਇੱਕ-ਦੂਜੇ ਦੀ ਸੁਰੱਖਿਆ ਬਾਰੇ ਸੋਚਣਾ ਅਤੇ ਉਹ ਸਭ ਕੁਝ ਕਰਨਾ, ਜੋ ਅਸੀਂ ਸਾਡੀ ਕਮਿਉਨਿਟੀ ਵਿੱਚ ਨਿਰਵਾਹ ਕਰਨ ਲਈ ਕਰ ਸਕਦੇ ਹਾਂ।

ਸਾਨੂੰ ਸਾਰਿਆਂ ਨੂੰ ਇਹ ਸਮਝਣ ਵਿੱਚ ਮਦਦ ਲਈ ਕਿ ਅਸੀਂ ਕਿਵੇਂ ਚੰਗੇ ਗਵਾਂਢੀ ਬਣ ਸਕਦੇ ਹਾਂ, ਅਸੀਂ ਇਹ ਛੋਟੀ ਜਿਹੀ ਗਾਈਡ ਤਿਆਰ ਕੀਤੀ ਹੈ, ਜੋ ਕਈ ਬਾਇ-ਲਾਅਜ ਅਤੇ ਸਟੈਂਡਰਡਾਂ ਨੂੰ ਸ਼ਾਮਲ ਕਰਦੀ ਹੈ, ਜੋ ਅਸੀਂ ਟਾਊਨ ਔਫ ਕੈਲਡਨ ਵਿੱਚ ਵਿਕਸਿਤ ਕੀਤੇ ਹਨ।

ਇਹ ਕਿਸੇ ਚੀਜ਼ ਨੂੰ ਰੈਫਰ ਕਰਨ, ਇਹ ਸਮਝਣ ਵਿੱਚ ਮਦਦ ਲਈ ਉਪਯੋਗੀ ਹੈ ਕਿ ਕਮਿਉਨਿਟੀ ਮੈਂਬਰ ਅਤੇ ਚੰਗੇ ਗਵਾਂਢੀ ਵਜੋਂ ਸਾਡੀਆਂ ਜ਼ਿੰਮੇਵਾਰੀਆਂ - ਅਤੇ ਅਧਿਕਾਰ ਕੀ ਹਨ ਘਰ ਤੋਂ ਲੈ ਕੇ ਯਾਰਡ ਅਤੇ ਸਟ੍ਰੀਟ ਤੋਂ ਸੁਰੱਖਿਆ ਤੱਕ, ਅਸੀਂ ਟਾਊਨ ਵਿੱਚ ਰੋਜ਼ਾਨਾ ਜ਼ਿੰਦਗੀ ਦੇ ਜ਼ਿਆਦਾਤਰ ਪੱਖਾਂ ਨੂੰ ਸੰਖੇਪ ਨਾਲ ਸ਼ਾਮਲ ਕੀਤਾ ਹੈ, ਤੁਹਾਡੀ ਵਾੜ ਕਿੰਨੀ ਉੱਚੀ ਹੋਣੀ ਚਾਹੀਦੀ ਹੈ, ਤੋਂ ਲੈ ਕੇ ਤੁਸੀਂ ਕਿੰਨੀਆਂ ਬਿੱਲੀਆਂ ਰੱਖ ਸਕਦੇ ਹੋ।

ਸਭ ਕੁਝ ਬਾਰੇ ਜਾਣਕਾਰੀ ਲਈ, ਜੋ ਤੁਸੀਂ ਇਸ ਦਸਤਾਵੇਜ਼ ਵਿੱਚ ਦੇਖਦੇ ਹੋ, ਇੱਕ ਥਾਂ ਹੈ ਜਿੱਥੇ ਤੁਸੀਂ ਜਾ ਸਕਦੇ ਹੋ - caledon.ca - ਵੱਧ ਵਿਸਤ੍ਰਿਤ ਜਾਣਕਾਰੀ ਲਈ ਜਾਂ ਸੰਪਰਕ ਜਾਣਕਾਰੀ ਲਈ, ਜੇਕਰ ਤੁਸੀਂ ਅਜਿਹੇ ਵਿਅਕਤੀ ਹੋ, ਜਿਸਨੂੰ ਲਾਈਵ ਵਿਅਕਤੀਗਤ ਤੌਰ ਤੇ ਆਪਣੇ ਜਵਾਬ ਪ੍ਰਾਪਤ ਕਰਨਾ ਪਸੰਦ ਹੈ।



TOWN OF CALEDON

ਵਿਸ਼ਾ-ਵਸਤੂ

ਮੁੱਖ ਪੰਨਾ 9

ਜਾਣ-ਪਛਾਣ 10

ਜਾਨਵਰ 11

ਐਨੀਮਲ ਸ਼ੈਲਟਰ 11

ਆਕਰਮਣਸ਼ੀਲ ਕੁੱਤੇ 11

ਚੂਚੇ (ਚਿਕਨ) 12

ਨਿਯੰਤਰ 12

ਵਿਦੇਸ਼ੀ ਜਾਨਵਰ 13

ਬਿਨਾਂ ਬੰਨ੍ਹੇ ਕੁੱਤਿਆਂ ਲਈ ਪਾਰਕ 13

ਗੁਆਚੇ ਜਾਨਵਰ 14

ਆਪਣੇ ਪਾਲਤੂ ਜਾਨਵਰ ਦਾ ਪਖਾਨਾ ਸਾਫ ਕਰੋ 14

ਘੁੰਮਦੀਆਂ ਬਿੱਲੀਆਂ 14

ਸ਼ੈਲਟਰ 15

ਜੰਗਲੀ ਜਾਨਵਰ 16

ਨਿਰਮਾਣ ਅਤੇ ਮੁਰੰਮਤ ਕਰਵਾਉਣਾ 17

ਕੂੜਾ, ਰਿਸਾਇਕਲਿੰਗ ਅਤੇ ਔਰਗੈਨਕਿਸ 18

ਡ੍ਰਾਈਵੇ ਵਿੱਚ ਪਾਰਕਿੰਗ 19

ਟ੍ਰੇਲਰ ਅਤੇ ਮੋਟਰ ਹੋਮਸ 20

ਵਿਵਸਾਇਕ ਜਾਂ ਹੋਰ ਪ੍ਰਕਾਰ ਦੇ ਵਾਹਨ 20

ਟੈਕਸ 21

ਪਾਣੀ 21

ਯਾਰਡਸ 23

ਡ੍ਰਾਈਵਵੇਜ 24
ਤੁਹਾਡੇ ਡ੍ਰਾਈਵਵੇ ਨੂੰ ਚੌੜਾ ਕਰਨਾ.....25
ਡ੍ਰਾਈਵਵੇ ਜੋੜਨਾ.....25
ਨਿਕਾਸੀ 26
ਸਵਿਮਿੰਗ ਪੂਲਸ, ਸਪਾ ਜਾਂ ਹੌਟ ਟੱਬ.....27
ਵਾੜ੍ਹਾਂ.....28
ਫਿਲ ਅਤੇ ਸਾਈਟ ਬਦਲਾਅ 30
ਘਾਹ 31
ਸੈਪਟਿਕ ਸਿਸਟਮ 32
ਸ਼ੈੱਡ 32
ਰੁੱਖ.....33
ਰੁੱਖਾਂ ਨੂੰ ਹਟਾਉਣਾ 34
ਵਾਹਨ.....34
ਘਾਹ-ਫੂਸ 35
ਖੂਹ 36

ਸੜ੍ਹਕਾਂ ਅਤੇ ਸਾਈਡਵਾਕਸ 37

ਬੁਲੇਵਾਰਡਸ 38
ਉਸਾਰੀ.....39
ਕੂੜ੍ਹਾ ਸੁੱਟਣਾ 40
ਪਾਰਕਿੰਗ 41
ਰਾਤ ਭਰ ਦੀ ਅਤੇ ਵਧਾਈ ਹੋਈ ਪਾਰਕਿੰਗ.....41
ਪਾਰਕਿੰਗ ਸਬੰਧੀ ਆਮ ਸਮੱਸਿਆਵਾਂ 41
ਪਾਰਕਿੰਗ ਟਿਕਟਾਂ 42
ਟੋਏ.....43
ਰੋਡਕਿਲ 43
ਹਾਕੀ ਨੈਟਸ ਅਤੇਬਾਸਕੇਟਬਾਲ ਹੂਪਸ.....44
ਸਰਦੀ 45
ਸਰਦੀ ਦੀਆਂ ਪਾਰਕਿੰਗ ਮਨਾਹੀਆਂ 45

ਵਿਸ਼ਾ-ਵਸਤੂ

ਨੇਬਰਹੁੱਡ 47

ਨਿਸ਼ਕਿਰਿਆ ਹੋਣਾ 48
ਸ਼ੋਰ 48
ਪਾਰਟੀ ਆਯੋਜਿਤ ਕਰ ਰਹੇ ਹੋ? 49
ਸ਼ੋਰ ਵਾਲੇ ਵਾਹਨ 49
ਬਰਫ ਹਟਾਉਣਾ 49
ਸਾਈਨ ਬੋਰਡ 50
ਸਾਈਨ ਬੋਰਡਾਂ ਦੀਆਂ ਸ਼੍ਰੇਣੀਆਂ 50
ਕਮਿਊਨਿਟੀ ਕਾਰਜਕਰਮ 50
ਪਰਮਿਟ 51
ਖਾਸ ਕਾਰਜਕਰਮ 51

ਪਾਰਕ ਅਤੇ ਟ੍ਰੇਲਾਂ 53

ਫੈਸਿਲਿਟੀਜ 54
ਪਾਰਕਾਂ ਨੂੰ ਕਾਇਮ ਰੱਖਣ ਵਿੱਚ ਮਦਦ ਕਰੋ 55
ਮੋਟਰ ਵਾਲੇ ਵਾਹਨ 55
ਪਾਰਕ ਅਤੇ ਟ੍ਰੇਲਾਂ 56

ਸੁਰੱਖਿਆ 57

ਅਪਰਾਧ ਦੀ ਰੋਕਥਾਮ 58
ਨੇਬਰਹੁੱਡ ਵਾਚ 59
ਓਨਟੈਰੀਓ ਪ੍ਰੋਵਿੰਸੀਅਲ ਪੁਲਿਸ (OPP) ਕੈਲਡਨ 59
ਅੱਗ ਲੱਗਣਾ 60
ਪਟਾਕੇ 60
ਧੂੰਏਂ ਦੇ ਅਤੇ ਕਾਰਬਨ ਮੋਨੋਆਕਸਾਈਡ ਅਲਾਰਮ 61

ਸੰਭਾਲ ਅਤੇ ਨੇਮਕ ਅਥੌਰਿਟੀਜ 63

ਕ੍ਰੈਡਿਟ ਵੈਲੀ ਕਨਜਰਵੇਸ਼ਨ (CVC) 64

ਕੀ ਮੈਨੂੰ ਪਰਮਿਟ ਦੀ ਲੋੜ ਹੈ? 65

ਨਿਆਗਰਾ ਐਸਕਾਰਪਮੈਂਟ ਕਮਿਸ਼ਨ 66

ਰੇਨ ਬੈਰਲਸ 69

ਰੇਨ ਗਾਰਡਨ 69

ਪੋਲੀਨੇਟਰ ਗਾਰਡਨ 70

ਕੀ ਤੁਸੀਂ ਆਪਣੇ ਭਵਿੱਖ ਵਿੱਚ ਆਪਣੀ ਪ੍ਰਾਪਰਟੀ ਵਿੱਚ ਬਦਲਾਅ ਕਰੋਗੇ? 70

ਇੰਡੈਕਸ 72

ਇਹ ਗਾਈਡ ਵਸਨੀਕਾਂ ਨੂੰ ਸਾਡੇ ਸਭ ਤੋਂ ਆਮ ਬਾਇ-ਲਾਅਜ ਵਿੱਚੋਂ ਕੁਝ ਬਾਰੇ ਲਾਭਕਾਰੀ ਸੁਝਾਅ ਅਤੇ ਸੂਚਨਾ ਦੇਣ ਵਾਸਤੇ ਤਿਆਰ ਕੀਤੀ ਗਈ ਸੀ। ਹਾਲਾਂਕਿ ਇਹ ਗਾਈਡ ਖਾਸ ਬਾਇ-ਲਾਅਜ ਦੇ ਸਾਰੇ ਵੇਰਵੇ ਸ਼ਾਮਲ ਨਹੀਂ ਕਰਦੀ, ਅਸੀਂ ਤੁਹਾਨੂੰ ਵਧੇਰੇ ਜਾਣਕਾਰੀ ਲਈ ਟਾਊਨ ਦੀ ਵੈਬਸਾਈਟ caledon.ca ਤੇ ਜਾਣ ਦੀ ਸਲਾਹ ਦਿੰਦੇ ਹਾਂ।

ਅਪ੍ਰੈਲ *2023* ਨੂੰ ਅੱਪਡੇਟ ਕੀਤੀ ਗਈ



ਸਰਵਿਸ ਕੈਲਡਨ:

ਟਾਊਨ ਔਫ ਕੈਲਡਨ ਵਿਖੇ ਗਾਹਕ ਸੇਵਾ ਲਈ ਤੁਹਾਡਾ ਵਨ-ਸਟੌਪ

ਸਰਵਿਸ ਕੈਲਡਨ, ਟਾਊਨ ਔਫ ਕੈਲਡਨ ਵੱਲੋਂ ਮੁਹੱਈਆ ਕੀਤੀਆਂ ਜਾਣ ਵਾਲੀਆਂ ਸਾਰੀਆਂ ਸੇਵਾਵਾਂ ਨੂੰ ਸਮਝਣ ਵਿੱਚ ਤੁਹਾਡੀ ਮਦਦ ਲਈ ਮੌਜੂਦ ਹੈ। ਅਸੀਂ ਤੁਹਾਡੇ ਸਵਾਲਾਂ ਦੇ ਜਵਾਬ ਦੇ ਸਕਦੇ ਹਾਂ ਜਾਂ ਵਧੇਰੇ ਡੂੰਘੀ ਜਾਣਕਾਰੀ ਲਈ ਤੁਹਾਨੂੰ ਸਹੀ ਵਿਅਕਤੀ ਜਾਂ ਵਿਭਾਗ ਨਾਲ ਕਨੈਕਟ ਕਰ ਸਕਦੇ ਹਾਂ।

ਸਾਨੂੰ ਅੱਜ ਹੀ ਸੰਪਰਕ ਕਰੋ:


ਟੈਲੀ.: 905.584.2272 x. 7750
ਵੈਬਸਾਈਟ:
ਈਮੇਲ: info@caledon.ca

ਸੰਚਾਲਨ ਦੇ ਘੰਟੇ: ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8:30 ਵਜੇ ਤੋਂ ਸ਼ਾਮ 4:30 ਵਜੇ ਤੱਕ

ਬਾਅਦ ਦੇ ਘੰਟਿਆਂ ਦੀਆਂ ਐਮਰਜੈਂਸੀ ਸਥਿਤੀਆਂ ਲਈ (ਰੀਜਨ ਔਫ ਪੀਲ): 1-800-563-7881

ਮੁੱਖ ਦੁਆਰ ਤੇ ਸਥਿਤ
ਟਾਊਨ ਹਾਲ, 6311 Old Church Road,
Caledon, ON
L7C 1J6

TOWN OF CALEDON



ਮੁੱਖ ਪੰਨਾ

ਦੁਨੀਆ ਵਿੱਚ ਸਭ ਤੋਂ ਵਧੀਆ ਥਾਂ ਉਹ ਥਾਂ ਹੈ, ਜਿਸਨੂੰ ਅਸੀਂ ਸਾਰੇ ਘਰ ਆਖਦੇ ਹਾਂ, ਹੈ ਨਾ? ਇਸ ਭਾਗ ਵਿੱਚ, ਅਸੀਂ ਪ੍ਰਾਪਰਟੀ ਸੰਭਾਲ ਸਟੈਂਡਰਡਾਂ, ਬਿਲਡਿੰਗ ਪਰਮਿਟਾਂ, ਸ਼ੋਰ (ਅਤੇ ਇਸਨੂੰ ਘੱਟ ਰੱਖਣਾ), ਪਾਰਕਿੰਗ ਅਤੇ ਪਾਲਤੂ ਜਾਨਵਰਾਂ - ਅਸਲ ਵਿੱਚ, ਕੁਝ ਆਮ ਗਾਈਡਲਾਈਨਾਂ ਬਾਰੇ ਗੱਲ ਕਰਾਂਗੇ, ਜੋ ਚੰਗੇ ਗਵਾਂਢੀ ਬਣਨ ਵਿੱਚ ਸਾਡੀ ਸਾਰਿਆਂ ਦੀ ਮਦਦ ਕਰਦੀਆਂ ਹਨ।

ਜਾਣ-ਪਛਾਣ

ਸਾਨੂੰ ਸਾਰਿਆਂ ਨੂੰ ਆਕਰਸ਼ਕ ਅਤੇ ਸੁਰੱਖਿਅਤ ਗਵਾਂਢ ਵਿੱਚ ਰਹਿਣਾ ਪਸੰਦ ਹੈ। ਅਸੀਂ ਸਟੈਂਡਰਡ ਅਤੇ ਨਿਯਮ ਤੈਅ ਅਤੇ ਲਾਗੂ ਕਰਦੇ ਹਾਂ, ਤਾਂ ਜੋ ਕੈਲਡਨ ਲਗਾਤਾਰ ਇੱਕ ਸੁਰੱਖਿਅਤ, ਸਾਫ-ਸੁਥਰੀ ਅਤੇ ਜਿਓਣ ਯੋਗ ਕਮਿਉਨਿਟੀ ਬਣੀ ਰਹੇ।

ਇਸ ਗਾਈਡ ਦਾ ਉਦੇਸ਼ -- ਅਸਾਨ ਭਾਸ਼ਾ ਵਿੱਚ ਤੁਹਾਨੂੰ ਇਹ ਸਮਝਣ ਵਿੱਚ ਮਦਦ ਕਰਨਾ ਹੈ -- ਕਿ ਉਹ ਨਿਯਮ ਕਿਹੜੇ ਹਨ ਅਤੇ ਪ੍ਰਾਪਰਟੀ ਮਾਲਕ ਵਜੋਂ ਤੁਹਾਡੀ ਕੀ ਭੂਮਿਕਾ ਹੈ।

ਪ੍ਰਾਪਰਟੀ ਸਟੈਂਡਰਡਾਂ ਬਾਰੇ ਵੱਧ ਵਿਸਤ੍ਰਿਤ ਜਾਣਕਾਰੀ ਲਈ, ਸਰਵਿਸ ਕੈਲਡਨ *(Service Caledon)* ਨੂੰ ਫੋਨ ਕਰੋ ਜਾਂ *caledon.ca/propertystandards* ਤੇ ਜਾਓ।



ਜਾਨਵਰ

ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਟਾਊਨ ਔਫ ਕੈਲਡਨ *(Town of Caledon)* ਵਿੱਚ ਸਾਰੇ ਪਾਲਤੂ ਜਾਨਵਰਾਂ ਨੂੰ ਚੰਗੀ ਤਰ੍ਹਾਂ ਰੱਖਿਆ ਜਾਵੇ ਅਤੇ ਉਹਨਾਂ ਦੀ ਦੇਖਭਾਲ ਕੀਤੀ ਜਾਵੇ। *2019* ਵਿੱਚ, ਟਾਊਨ ਨੇ ਨਵਾਂ ਐਨੀਮਲ ਕੇਅਰ ਐਂਡ ਕੰਟ੍ਰੋਲ ਬਾਇ-ਲਾਅ *(Animal Care and Control By-law)* ਜਾਰੀ ਕੀਤਾ ਸੀ। ਬਾਇ-ਲਾਅ, ਸਾਡੀ ਕਮਿਉਨਿਟੀ ਵਿੱਚ ਬਿੱਲੀਆਂ, ਕੁੱਤਿਆਂ, ਪਸ਼ੂਆਂ ਅਤੇ ਪਾਬੰਦੀ ਵਾਲੇ ਜਾਨਵਰਾਂ ਨੂੰ ਨੇਮਤ ਕਰਦਾ ਹੈ। ਹੇਠਾਂ ਕੁਝ ਗੱਲਾਂ ਦਿੱਤੀਆਂ ਗਈਆਂ ਹਨ, ਜਿਹਨਾਂ ਬਾਰੇ ਤੁਹਾਨੂੰ ਟਾਊਨ ਔਫ ਕੈਲਡਨ ਵਿੱਚ ਆਪਣੇ ਪਾਲਤੂ ਜਾਨਵਰਾਂ ਦੀ ਦੇਖਭਾਲ ਕਰਨ ਬਾਰੇ ਜਾਣਨ ਦੀ ਲੋੜ ਹੈ।

ਐਨੀਮਲ ਸ਼ੈਲਟਰ (Animal Shelter)

ਟਾਊਨ ਦਾ ਐਨੀਮਲ ਸ਼ੈਲਟਰ ਗੁਆਚੇ ਅਤੇ ਛੱਡੇ ਗਏ ਪਾਲਤੂ ਜਾਨਵਰਾਂ ਲਈ ਰਹਿਣ ਦੀ ਥਾਂ ਪ੍ਰਦਾਨ ਕਰਦਾ ਹੈ, ਜਿਵੇਂ ਕੁੱਤੇ, ਬਿੱਲੀਆਂ ਅਤੇ ਖਰਗੋਸ਼। ਅਸੀਂ ਇਹਨਾਂ ਜਾਨਵਰਾਂ ਨੂੰ ਨਵੇਂ ਖੁਸ਼ਹਾਲ ਘਰਾਂ ਨਾਲ ਮੇਲ ਖਾਣ ਲਈ ਵੀ ਕੰਮ ਕਰਦੇ ਹਾਂ। ਐਨੀਮਲ ਸ਼ੈਲਟਰ 12889 ਕੋਲਰੇਨ ਡ੍ਰਾਈਵ (12889 Coleraine Drive) ਵਿਖੇ ਸਥਿਤ ਹੈ ਅਤੇ ਸੋਮਵਾਰ ਤੋਂ ਸ਼ਨੀਵਾਰ ਤੱਕ ਜਨਤਾ ਲਈ ਖੁੱਲ੍ਹਾ ਰਹਿੰਦਾ ਹੈ।

ਅਜਿਹੇ ਪਾਲਤੂ ਜਾਨਵਰ ਨੂੰ ਗੋਦ ਲੈਣ ਦੇ ਕਈ ਫਾਇਦੇ ਹਨ, ਜਿਸਨੂੰ ਚੰਗੇ ਘਰ ਦੀ ਲੋੜ ਹੋਵੇ, ਇਸਲਈ ਕਿਰਪਾ ਕਰਕੇ ਐਨੀਮਲ ਸ਼ੈਲਟਰ ਤੋਂ ਗੋਦ ਲੈਣ ਬਾਰੇ ਸੋਚੋ। ਤੁਸੀਂ ਟਾਊਨ ਦੀ ਵੈਬਸਾਈਟ caledon.ca/petfinder ਤੇ ਕਿਸੇ ਵੀ ਸਮੇਂ ਗੋਦ ਲੈਣ ਲਈ ਉਪਲਬਧ ਪਾਲਤੂ ਜਾਨਵਰ ਦੇਖ ਸਕਦੇ ਹੋ। ਨਵੇਂ ਪਾਲਤੂ ਜਾਨਵਰਾਂ ਲਈ ਵਾਰ-ਵਾਰ ਦੇਖਦੇ ਰਹੋ।

ਆਕਰਮਣਸ਼ੀਲ ਕੁੱਤੇ

ਕੁੱਤੇ ਖਾਸ ਪ੍ਰਕਾਰ ਦੇ ਸਾਥੀ ਬਣਦੇ ਹਨ ਪਰੰਤੂ ਆਪਣੇ ਪਰਿਵਾਰ ਅਤੇ ਇਲਾਕੇ ਲਈ ਰੱਖਿਅਕ ਬਣ ਸਕਦੇ ਹਨ। ਉਸ ਕੁੱਤੇ ਕੋਲ ਜਾਣ ਵੇਲੇ ਹਮੇਸ਼ਾ ਸਾਵਧਾਨ ਰਹੋ, ਜਿਸਨੂੰ ਤੁਸੀਂ ਜਾਣਦੇ ਨਹੀਂ ਹੋ ਅਤੇ ਉਸਨੂੰ ਲਾਡ-ਪਿਆਰ ਜਾਂ ਉਸ ਨਾਲ ਗੱਲਬਾਤ ਕਰਨ ਤੋਂ ਪਹਿਲਾਂ ਮਾਲਕ ਦੀ ਇਜਾਜ਼ਤ ਲਵੋ।

ਜੇਕਰ ਤੁਸੀਂ ਕੁੱਤਾ ਰੱਖਿਆ ਹੋਇਆ ਹੈ, ਤਾਂ ਯਾਦ ਰੱਖੋ ਕਿ ਉਹ ਸਥਿਤੀ ਦਾ ਗਲਤ ਅੰਦਾਜ਼ਾ ਲਗਾ ਸਕਦਾ ਹੈ। ਇਹ ਯਕੀਨੀ ਬਣਾਉਣ ਲਈ ਕਿ ਅਜਿਹੀ ਸਥਿਤੀ ਪੈਦਾ ਨਾ ਹੋਵੇ, ਜਿਸ ਨਾਲ ਉਹ ਆਕਰਮਣਸ਼ੀਲ ਤਰੀਕੇ ਨਾਲ ਵਿਵਹਾਰ ਕਰੇ, ਜਾਨਵਰ ਦੇ ਸੁਭਾਅ ਤੇ ਵਿਚਾਰ ਕਰਕੇ ਜ਼ਿੰਮੇਵਾਰ ਬਣੋ ਅਤੇ ਸਾਵਧਾਨੀ ਵਰਤੋ।

ਟਾਊਨ ਕੁੱਤਿਆਂ ਦੁਆਰਾ ਕੱਟਣ, ਹਮਲਿਆਂ ਅਤੇ ਆਕਰਮਣਸ਼ੀਲ ਵਿਵਹਾਰ ਦੀ ਜਾਂਚ ਕਰਦਾ ਹੈ। ਜੇਕਰ ਕਿਸੇ ਕੁੱਤੇ ਨੂੰ ਖਤਰਨਾਕ ਪਾਇਆ ਜਾਂਦਾ ਹੈ, ਤਾਂ ਲੋਕਾਂ ਦੀ ਸੁਰੱਖਿਆ ਦੇ ਬਚਾਅ ਲਈ ਜਾਨਵਰ ਉੱਤੇ ਜ਼ਿੰਦਗੀਭਰ ਲਈ ਸ਼ਰਤਾਂ ਲਾਗੂ ਕੀਤੀਆਂ ਜਾਣਗੀਆਂ।



ਚੂਚੇ (ਚਿਕਨ)

ਕੀ ਤੁਸੀਂ ਆਪਣੇ ਬੈਕਯਾਰਡ ਵਿੱਚ ਚੂਚੇ ਪਾਲਣ ਦੇ ਇਛੁੱਕ ਹੋ? ਇਸਤੋਂ ਪਹਿਲਾਂ ਕਿ ਤੁਸੀਂ ਇਸਦੀ ਸ਼ੁਰੂਆਤ ਕਰੋ, ਇਹ ਜਾਣ ਲਵੋ ਕਿ ਉਹਨਾਂ ਵਾਸਤੇ ਬਹੁਤ ਸਾਰੀ ਜਾਣਕਾਰੀ ਅਤੇ ਲਗਨ ਦੀ ਲੋੜ ਹੁੰਦੀ ਹੈ।

ਜਾਨਵਰਾਂ ਦੀ ਭਲਾਈ, ਜਨਤਾ ਦੀ ਸਿਹਤ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਪਰੇਸ਼ਾਨੀਆਂ ਘਟਾਉਣ ਲਈ, ਕੈਲਡਨ ਵਿੱਚ ਬੈਕਯਾਰਡ ਵਿੱਚ ਮੁਰਗੀਆਂ ਰੱਖਣ ਲਈ ਹੇਠਾਂ ਕੁਝ ਸ਼ਰਤਾਂ ਦਿੱਤੀਆਂ ਗਈਆਂ ਹਨ:

- ਮੁਰਗਿਆਂ (ਪੁਰਸ਼) ਦੀ ਇਜਾਜ਼ਤ ਨਹੀਂ ਹੈ:
- ਪ੍ਰਤੀ ਰਿਹਾਇਸ਼ੀ ਲੌਟ ਵਿੱਚ ਚਾਰ ਤੋਂ ਵੱਧ ਮੁਰਗੀਆਂ ਨਹੀਂ ਰੱਖੀਆਂ ਜਾ ਸਕਦੀਆਂ;
- ਮੁਰਗੀਆਂ ਨੂੰ ਹਮੇਸ਼ਾ ਖੁੱਡੇ ਜਾਂ ਘੁਰੇ ਵਿੱਚ ਰੱਖਿਆ ਜਾਣਾ ਲਾਜ਼ਮੀ ਹੈ;
- ਖੁੱਡਿਆਂ ਅਤੇ ਘੁਰਿਆਂ ਨੂੰ ਨਿਯਮਿਤ ਰੂਪ ਨਾਲ ਸਾਫ ਕਰਨਾ ਚਾਹੀਦਾ ਹੈ,
- ਖੁੱਡੇ ਅਤੇ ਘੁਰੇ, ਢੁੱਕਵੇਂ ਸੈੱਟਬੈਕ ਦੇ ਨਾਲ ਪਿਛਲੇ ਯਾਰਡ ਵਿੱਚ ਸਥਿਤ ਹੋਣੇ ਲਾਜ਼ਮੀ ਹਨ।

ਵਧੇਰੇ ਜਾਣਕਾਰੀ ਲਈ, caledon.ca/chickensਤੇ ਜਾਓ।

ਨਿਯੰਤਰਣ

ਆਮ ਤੌਰ ਤੇ ਜਾਨਵਰਾਂ ਨੂੰ ਖੁੱਲ੍ਹੇ ਘੁੰਮਣ ਦੀ ਇਜਾਜ਼ਤ ਨਹੀਂ ਹੁੰਦੀ। ਕੁੱਤਿਆਂ ਨੂੰ ਹਮੇਸ਼ਾ ਜੰਜੀਰ ਨਾਲ ਬੰਨ੍ਹ ਕੇ ਅਤੇ ਨਿਯੰਤਰਣ ਹੇਠ ਰੱਖਣਾ ਚਾਹੀਦਾ ਹੈ (ਜਦੋਂ ਤੱਕ ਉਹ ਤੁਹਾਡੀ ਪ੍ਰਾਪਰਟੀ ਤੇ ਸੁਰੱਖਿਅਤ ਰੂਪ ਨਾਲ ਨਾ ਆ ਜਾਣ)। ਯਕੀਨੀ ਬਣਾਓ ਕਿ ਤੁਹਾਡੀ ਜੰਜੀਰ ਕਾਫੀ ਮਜ਼ਬੂਤ ਹੈ ਅਤੇ ਉਸਦੀ ਲੰਮਾਈ ਤਿੰਨ ਮੀਟਰ ਤੋਂ ਵੱਧ ਨਹੀਂ ਹੈ। ਇੱਕ ਵਾਰ ਵਿੱਚ ਚਾਰ ਤੋਂ ਵੱਧ ਕੁੱਤਿਆਂ ਨੂੰ ਘੁੰਮਾਉਣ ਲਿਜਾਣ ਦੀ ਕੋਸ਼ਿਸ਼ ਨਾ ਕਰੋ!

ਜੇਕਰ ਤੁਸੀਂ ਆਪਣੀ ਪ੍ਰਾਪਰਟੀ ਤੇ ਆਪਣੇ ਕੁੱਤੇ ਨੂੰ ਬੰਨ੍ਹ ਕੇ ਰੱਖਦੇ ਹੋ ਤਾਂ ਯਕੀਨੀ ਬਣਾਓ ਕਿ ਤਦ ਵੀ ਉਹ ਸੁਰੱਖਿਅਤ ਰੂਪ ਨਾਲ ਹਿੱਲ-ਡੁੱਲ ਸਕੇ। ਇਸਤੋਂ ਇਲਾਵਾ, ਕਦੇ ਵੀ ਚੇਕ ਜੰਜੀਰ ਜਾਂ ਕੰਡੇਦਾਰ ਕਾਲਰ ਨਾ ਵਰਤੋ; ਇਸਨੂੰ ਲੰਮੇ ਸਮੇਂ ਤੱਕ ਬਿਨਾਂ ਨਿਗਰਾਨੀ ਦੇ ਨਾ ਛੱਡੋ।

ਵਿਦੇਸ਼ੀ ਜਾਨਵਰ

ਜਨਤਾ ਅਤੇ ਖੁਦ ਜਾਨਵਰਾਂ ਦੀ ਸੁਰੱਖਿਆ ਦੇ ਬਚਾਅ ਲਈ, ਕਈ ਵਿਦੇਸ਼ੀ ਪਾਲਤੂ ਜਾਨਵਰਾਂ ਨੂੰ ਮਿਊਨਿਸਿਪਲਟੀ ਵਿੱਚ ਰੱਖਣ ਤੇ ਪਾਬੰਦੀ ਹੁੰਦੀ ਹੈ। ਕਿਰਪਾ ਕਰਕੇ ਟਾਊਨ ਨਾਲ ਮਸ਼ਵਰਾ ਕਰ ਲਵੋ, ਜੇਕਰ ਤੁਸੀਂ ਕੋਈ ਅਸਧਾਰਨ ਪਾਲਤੂ ਜਾਨਵਰ ਰੱਖਣਾ ਚਾਹੁੰਦੇ ਹੋ।

ਪਛਾਣ

ਕਿਰਪਾ ਕਰਕੇ ਯਕੀਨੀ ਬਣਾਓ ਕਿ ਤੁਹਾਡੀ ਬਿੱਲੀ ਅਤੇ/ਜਾਂ ਕੁੱਤੇ ਨਾਲ ਮਾਈਕ੍ਰੋਚਿਪ ਜਾਂ ਪਛਾਣ ਟੈਗ ਲੱਗਿਆ ਹੋਇਆ ਹੈ, ਜਿਸ ਵਿੱਚ ਤੁਹਾਡੀ ਮੌਜੂਦਾ ਸੰਪਰਕ ਜਾਣਕਾਰੀ ਹੈ। ਅੱਪ-ਟੂ-ਡੇਟ ਪਛਾਣ ਦੇ ਨਾਲ ਤੁਹਾਡੀ ਆਪਣੇ ਪਾਲਤੂ ਜਾਨਵਰ ਨੂੰ ਜਲਦੀ ਮਿਲਣ ਦੀ ਸੰਭਾਵਨਾ ਹੋਵੇਗੀ, ਜੇਕਰ ਉਹ ਗੁਆਚ ਜਾਂਦਾ ਹੈ। ਟੈਗਸ ਨੂੰ ਐਨੀਮਲ ਸ਼ੈਲਟਰ ਤੋਂ ਖਰੀਦਿਆ ਜਾ ਸਕਦਾ ਹੈ।

ਬਿਨਾਂ ਬੰਨ੍ਹੇ ਕੁੱਤਿਆਂ ਲਈ ਪਾਰਕ (ਲੀਸ਼-ਫ੍ਰੀ ਪਾਰਕ)

ਕੈਲਡਨ ਵਿੱਚ, ਬੇਸ਼ੱਕ ਸਾਡਾ ਇੱਕ ਪਾਰਕ ਸਿਰਫ ਕੁੱਤਿਆਂ ਲਈ ਹੈ – ਆਖਰਕਾਰ, ਸਾਡੇ ਵਿੱਚੋਂ ਕਈਆਂ ਲਈ, ਕੁੱਤੇ ਵੀ ਸਮਾਜ ਦਾ ਹਿੱਸਾ ਹਨ!

ਬਿਨਾਂ ਬੰਨ੍ਹੇ ਕੁੱਤਿਆਂ ਲਈ ਪਾਰਕ, ਕੁੱਤਿਆਂ ਵਾਸਤੇ ਦੌੜਣ, ਖੇਡਣ ਅਤੇ ਇੱਕ-ਦੂਜੇ ਨਾਲ ਸੰਪਰਕ ਕਰਨ ਲਈ ਸ਼ਾਨਦਾਰ ਜਗ੍ਹਾ ਹੈ। ਇਹ ਪਾਰਕ ਐਨੀਮਲ ਸ਼ੈਲਟਰ ਦੇ ਇੱਕਦਮ ਪਿੱਛੇ ਹੈ ਅਤੇ ਇਹ ਦਿਨ ਦੇ ਚਾਨਣੇ ਵਾਲੇ ਸਾਰੇ ਘੰਟਿਆਂ ਦੇ ਦੌਰਾਨ ਜਨਤਾ ਲਈ ਖੁੱਲ੍ਹਾ ਰਹਿੰਦਾ ਹੈ (ਜਦੋਂ ਤੱਕ ਕਿ ਹੋਰ ਕੁਝ ਪੋਸਟ ਨਾ ਕੀਤਾ ਜਾਵੇ)।

ਪਾਰਕ ਨੂੰ ਸਾਰਿਆਂ ਲਈ ਸੁਰੱਖਿਅਤ ਅਤੇ ਸੁਆਗਤੀ ਰੱਖਣ ਲਈ, ਕਿਰਪਾ ਕਰਕੇ ਇਹ ਯਾਦ ਰੱਖੋ:

- ਪ੍ਰਤੀ ਬਾਲਗ ਵੱਧ ਤੋਂ ਵੱਧ ਤਿੰਨ ਕੁੱਤੇ ਹੀ ਹੋਣ;
- ਆਪਣੇ ਕੁੱਤੇ ਦਾ ਪਖਾਨਾ ਸਾਫ ਕਰੋ;
- ਕੁੱਤਿਆਂ ਦੇ ਨਾਲ ਘੱਟੋ-ਘੱਟ 18 ਸਾਲ ਦਾ ਇੱਕ ਵਿਅਕਤੀ ਹੋਣਾ ਲਾਜ਼ਮੀ ਹੈ;
- ਬੱਚਿਆਂ ਦੇ ਨਾਲ ਮਾਪੇ ਜਾਂ ਸਰਪ੍ਰਸਤ ਦਾ ਹੋਣਾ ਲਾਜ਼ਮੀ ਹੈ, ਅਤੇ
- ਆਕਰਮਣ ਦਾ ਸੰਕੇਤ ਦਿਖਾਉਣ ਵਾਲੇ ਕੁੱਤੇ ਨੂੰ ਤੁਰੰਤ ਉੱਥੋਂ ਹਟਾ ਦੇਣਾ ਚਾਹੀਦਾ ਹੈ।



ਗੁਆਚੇ ਜਾਨਵਰ

ਜੇਕਰ ਤੁਹਾਨੂੰ ਅਜਿਹਾ ਜਾਨਵਰ ਮਿਲੇ, ਜੋ ਖੁੱਲ੍ਹਾ ਘੁੰਮ ਰਿਹਾ ਹੋਵੇ ਜਾਂ ਗੁਆਚਾ ਹੋਇਆ ਲੱਗੇ, ਤਾਂ ਤੁਸੀਂ ਉਸਨੂੰ ਐਨੀਮਲ ਸ਼ੈਲਟਰ (Animal Shelter) ਵਿੱਚ ਲਿਜਾ ਸਕਦੇ ਹੋ ਜਾਂ ਸਾਨੂੰ ਫੋਨ ਕਰ ਸਕਦੇ ਹੋ ਅਤੇ ਸਾਡੇ ਐਨੀਮਲ ਕੰਟ੍ਰੋਲ ਅਫਸਰਾਂ (Animal Control Officers) ਵਿੱਚੋਂ ਇੱਕ ਇਸਦਾ ਜਵਾਬ ਦੇਵੇਗਾ। ਜੇਕਰ ਉਹ ਭਟਕਿਆ ਹੋਇਆ, ਬੀਮਾਰ ਜਾਂ ਉਤੇਜਿਤ ਲੱਗੇ, ਤਾਂ ਉਸਨੂੰ ਖੁਦ ਨਾ ਸੰਭਾਲੋ।

ਆਪਣੇ ਪਾਲਤੂ ਜਾਨਵਰ ਦਾ ਪਖਾਨਾ ਸਾਫ ਕਰੋ

ਹਮੇਸ਼ਾ ਆਪਣੇ ਪਾਲਤੂ ਜਾਨਵਰ ਦਾ ਪਖਾਨਾ ਸਾਫ ਕਰਨਾ ਯਕੀਨੀ ਬਣਾ ਕੇ ਆਪਣੇ ਗਵਾਂਢੀਆਂ ਲਈ ਸਨਮਾਨ ਦਰਸਾਓ। ਜਦੋਂ ਤੁਸੀਂ ਘਰ ਜਾਓ ਤਾਂ ਪੂਰੀ ਸਫਾਈ ਨਾਲ ਪਖਾਨੇ ਦਾ ਨਿਪਟਾਰਾ ਕਰੋ।

ਜੇਕਰ ਤੁਸੀਂ ਆਪਣੇ ਪਾਲਤੂ ਜਾਨਵਰ ਨੂੰ ਆਪਣੇ ਯਾਰਡ ਵਿੱਚ ਖੇਡਣ ਦਿੰਦੇ ਹੋ, ਤਾਂ ਆਪਣੀ ਪ੍ਰਾਪਰਟੀ ਨੂੰ ਆਕਰਸ਼ਕ ਬਣਾਏ ਰੱਖਣ ਅਤੇ ਮੁਸ਼ਕ ਨੂੰ ਰੋਕਣ ਲਈ ਇਸਨੂੰ ਬਾਅਦ ਵਿੱਚ ਨਿਯਮਿਤ ਰੂਪ ਨਾਲ ਸਾਫ ਕਰਨਾ ਯਕੀਨੀ ਬਣਾਓ।



ਘੁੰਮਦੀਆਂ ਬਿੱਲੀਆਂ

ਹਾਲਾਂਕਿ ਇੱਕ ਬਾਹਰਲੀ ਬਿੱਲੀ ਸੁਰੱਖਿਅਤ ਅਤੇ ਕੁਦਰਤੀ ਕੀਟ ਨਿਯੰਤਰਣ (ਪੇਸਟ ਕੰਟ੍ਰੋਲ) ਵਰਗੇ ਫਾਇਦੇ ਦਿੰਦੀ ਹੈ, ਜੇਕਰ ਤੁਸੀਂ ਆਪਣੀ ਬਿੱਲੀ ਨੂੰ ਬਾਹਰ ਜਾਣ ਦਿੰਦੇ ਹੋ ਤਾਂ ਯਕੀਨੀ ਬਣਾਓ ਕਿ ਉਹ ਤੁਹਾਡੀ ਪ੍ਰਾਪਰਟੀ ਤੋਂ ਬਾਹਰ ਭਟਕਦੇ ਹੋਏ ਜਾਂ ਘੁੰਮਦੇ ਹੋਏ ਤੁਹਾਡੇ ਗਵਾਂਢੀਆਂ ਨੂੰ ਪਰੇਸ਼ਾਨ ਨਾ ਕਰੇ।

ਭੀੜਭੜੱਕਾ

ਭੀੜਭੜੱਕਾ ਰੋਕਣ ਅਤੇ ਇਹ ਯਕੀਨੀ ਬਣਾਉਣ ਲਈ ਕਿ ਪਾਲਤੂ ਜਾਨਵਰ ਸਿਹਤਮੰਦ ਵਾਤਾਵਰਣ ਵਿੱਚ ਰਹਿਣ, ਪ੍ਰਾਪਰਟੀ ਤੇ ਤਿੰਨ ਕੁੱਤਿਆਂ ਅਤੇ ਪੰਜ ਬਿੱਲੀਆਂ ਤੋਂ ਵੱਧ ਨਹੀਂ ਰੱਖੇ ਜਾ ਸਕਦੇ।



ਸ਼ੈਲਟਰ

ਤੁਹਾਡੇ ਬੈਕਯਾਰਡ ਵਿੱਚ ਡੌਗਹਾਊਸ ਜਾਂ ਛੋਟਾ ਵਾੜਾ ਤੁਹਾਡੇ ਕੁੱਤੇ ਨੂੰ ਸ਼ੈਲਟਰ ਅਤੇ ਬਾਹਰ ਪਹੁੰਚ ਦੇਣ ਦਾ ਇੱਕ ਸ਼ਾਨਦਾਰ ਤਰੀਕਾ ਹੈ। ਜੇਕਰ ਤੁਸੀਂ ਸ਼ੈਲਟਰ ਬਣਾ ਰਹੇ ਹੋ ਤਾਂ ਧਿਆਨ ਰੱਖੋ ਕਿ:

- ਉਹ ਤੁਹਾਡੀ ਪ੍ਰਾਪਰਟੀ ਦੇ ਪਿਛਲੇ ਹਿੱਸੇ ਵਿੱਚ ਸਥਿਤ ਹੋਣਾ ਲਾਜ਼ਮੀ ਹੈ;
- ਉਹ ਲੌਟ ਲਾਈਨਾਂ ਤੋਂ ਘੱਟੋ-ਘੱਟ ਦੇ ਮੀਟਰ ਤੇ ਸੈਟ ਬੈਕ ਹੋਣਾ ਲਾਜ਼ਮੀ ਹੈ;
- ਉਸਦੀ ਉੱਚਾਈ ਦੇ ਮੀਟਰ ਤੋਂ ਵੱਧ ਨਹੀਂ ਹੋਣੀ ਚਾਹੀਦੀ;
- ਕੁੱਤੇ ਦੇ ਘੁਰੇ ਘੱਟੋ-ਘੱਟ 9.5 ਵਰਗ ਮੀਟਰ ਹੋਣੇ ਲਾਜ਼ਮੀ ਹਨ; ਅਤੇ
- ਜੇਕਰ ਤੁਹਾਡੇ ਕੋਲ ਇੱਕ ਤੋਂ ਵੱਧ ਕੁੱਤਾ ਹੈ ਤਾਂ ਤੁਹਾਨੂੰ ਕੁੱਤੇ ਦੇ ਘੁਰੇ ਵਾਸਤੇ ਪ੍ਰਤੀ ਕੁੱਤਾ ਘੱਟੋ-ਘੱਟ ਤਿੰਨ ਵਰਗ ਮੀਟਰ ਜੋੜਨ ਦੀ ਲੋੜ ਹੈ।

ਜੰਗਲੀ ਜਾਨਵਰ

ਹਾਲਾਂਕਿ ਤੁਸੀਂ ਆਪਣੀ ਖੁਦ ਦੀ ਪ੍ਰਾਪਰਟੀ ਤੇ ਪੰਛੀਆਂ ਨੂੰ ਦਾਣਾ ਪਾ ਸਕਦੇ ਹੋ, ਪਰ ਬਾਹਰ ਭੋਜਨ ਜਾਂ ਹੋਰ ਵਸਤਾਂ ਨਾ ਛੱਡੋ, ਜੋ ਜੰਗਲੀ ਜਾਨਵਰਾਂ ਨੂੰ ਆਕਰਸ਼ਿਤ ਕਰ ਸਕਦੀਆਂ ਹਨ। ਜੰਗਲੀ ਜਾਨਵਰਾਂ ਨੂੰ ਭੋਜਨ ਖਵਾਉਣ ਨਾਲ ਉਹ ਆਪਣੇ ਕੁਦਰਤੀ ਨਿਵਾਸ ਸਥਾਨਾਂ ਤੋਂ ਦੂਰ ਹੋ ਜਾਂਦੇ ਹਨ ਅਤੇ ਭੋਜਨ ਦੇ ਮਨੁੱਖੀ ਸਰੋਤਾਂ ਤੇ ਨਿਰਭਰ ਹੋ ਜਾਂਦੇ ਹਨ।



ਨੋਟਸ

ਨਿਰਮਾਣ ਅਤੇ ਮੁਰੰਮਤ ਕਰਵਾਉਣਾ

ਕੀ ਤੁਸੀਂ ਆਪਣੇ ਘਰ ਵਿੱਚ ਕੁਝ ਕੰਮ ਕਰਵਾਉਣ, ਕੋਈ ਮੁਰੰਮਤ ਕਰਵਾਉਣ ਜਾਂ ਆਪਣੀ ਪ੍ਰਾਪਰਟੀ ਤੇ ਕੁਝ ਨਵਾਂ ਬਣਾਉਣ ਬਾਰੇ ਸੋਚ ਰਹੇ ਹੋ? ਕਾਫੀ ਸੰਭਾਵਨਾ ਹੈ ਕਿ ਤੁਹਾਨੂੰ ਪਰਮਿਟ ਦੀ ਲੋੜ ਹੋਵੇਗੀ।

ਬਿਲਡਿੰਗ ਪਰਮਿਟਾਂ ਦੀ ਲੋੜ ਅਕਸਰ ਇਹਨਾਂ ਲਈ ਹੁੰਦੀ ਹੈ:

- ਡੈੱਕ, ਪੋਰਚ
- ਨਵੀਆਂ ਜਾਂ ਵੱਡੀਆਂ ਵਾਲ ਓਪਨਿੰਗਸ
- ਬੇਸਮੈਂਟ ਨੂੰ ਪੂਰਾ ਕਰਨਾ ਜਾਂ ਵਾਕ-ਆਊਟ ਜੋੜਨਾ
- ਖੇਤਰ ਵਿੱਚ 10 ਵਰਗ ਮੀ. ਤੋਂ ਵੱਡਾ ਕੋਈ ਵੀ ਸਟ੍ਰਕਚਰ (ਜਿਵੇਂ, ਸ਼ੈੱਡ, ਟੈਂਟ, ਪੂਲ ਕਬਾਨਾ)
- ਵਰਤੋਂ ਦਾ ਬਦਲਾਅ (ਜਿਵੇਂ ਸ਼ੈੱਡ ਨੂੰ ਗੈਰਾਜ ਵਿੱਚ ਬਦਲਣਾ)
- ਢਾਉਣਾ
- HVAC ਜਾਂ ਪਲੰਬਿੰਗ ਸਿਸਟਮਾਂ ਨੂੰ ਇੰਸਟਾਲ ਜਾਂ ਸੰਸ਼ੋਧਿਤ ਕਰਨਾ
- ਚਿਣਾਈ ਵਾਲਾ ਫਾਇਰਪਲੇਸ, ਚਿਮਨੀ ਜਾਂ ਲੱਕੜ ਜਲਾਉਣ ਵਾਲਾ ਉਪਕਰਨ।
- ਤੁਹਾਡੇ ਪੂਲ ਦੇ ਆਲੇ-ਦੁਆਲੇ ਵਾੜ
- ਸੈਪਟਿਕ ਸਿਸਟਮ ਇੰਸਟਾਲ ਕਰਨਾ ਜਾਂ ਮਿਊਨਿਸਿਪਲ ਸੀਵੇਜ ਸਿਸਟਮ ਵਿੱਚ ਬਦਲਣਾ

ਜੇਕਰ ਤੁਹਾਨੂੰ ਪੱਕਾ ਪਤਾ ਨਹੀਂ ਹੈ ਕਿ ਤੁਹਾਨੂੰ ਆਪਣੇ ਪ੍ਰੋਜੈਕਟ ਲਈ ਬਿਲਡਿੰਗ ਪਰਮਿਟ ਦੀ ਲੋੜ ਹੈ ਜਾਂ ਨਹੀਂ, ਤਾਂ ਕਿਰਪਾ ਕਰਕੇ ਬਿਲਡਿੰਗ ਡਿਵੀਜਨ (Building Division) ਨੂੰ 905-584-2272 x 2233 ਤੇ ਸੰਪਰਕ ਕਰੋ।

ਕੀ ਤੁਹਾਨੂੰ ਪਤਾ ਹੈ? ਇਲੈਕਟ੍ਰੀਕਲ ਸੇਫਟੀ ਅਥੌਰਿਟੀ *(Electrical Safety Authority) (ESA),* ਬਿਜਲੀ ਸਬੰਧੀ ਇੰਸਟਾਲੇਸ਼ਨਾਂ ਅਤੇ ਪਰਮਿਟਾਂ ਲਈ ਜ਼ਿੰਮੇਵਾਰ ਹੈ। ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ *1-877-372-7233 (1-877-ESA-SAFE)* ਤੇ ਫੋਨ ਕਰੋ।

ਘਰ ਦੀ ਸੁਰੱਖਿਆ ਅਤੇ ਸਲਾਮਤੀ

ਅਸੀਂ ਸਾਰੇ ਸਾਡੇ ਘਰਾਂ ਵਿੱਚ ਸੁਰੱਖਿਅਤ ਅਤੇ ਮਹਿਫੂਜ ਮਹਿਸੂਸ ਕਰਨਾ ਚਾਹੁੰਦੇ ਹਾਂ। ਹਾਲਾਂਕਿ, ਧਿਆਨ ਵਿੱਚ ਰੱਖੋ, ਕਿ ਸਲਾਮਤੀ ਦੀ ਲੋੜ ਸੁਰੱਖਿਆ ਨਾਲ ਸੰਤੁਲਿਤ ਹੋਣੀ ਲਾਜ਼ਮੀ ਹੈ।

ਜੇਕਰ ਕੋਈ ਐਮਰਜੈਂਸੀ ਹੈ ਤਾਂ ਸਾਡੇ ਫਾਇਰ ਫਾਈਟਰ, ਪੁਲਿਸ ਅਫਸਰ ਅਤੇ ਪੈਰਾਮੈਡਿਕਸ ਨੂੰ ਤੁਹਾਡੇ ਘਰ ਆਉਣ ਦੀ ਲੋੜ ਹੋ ਸਕਦੀ ਹੈ। ਇਸੇ ਤਰ੍ਹਾਂ, ਅੰਦਰ ਮੌਜੂਦ ਲੋਕਾਂ ਨੂੰ ਤੁਰੰਤ ਬਾਹਰ ਆਉਣ ਦੀ ਲੋੜ ਹੁੰਦੀ ਹੈ।

ਇਸ ਕਰਕੇ ਹੀ ਕੈਲਡਨ ਵਿੱਚ ਬਹੁਤ ਜ਼ਿਆਦਾ ਕਿਲਾਬੰਦੀਆਂ ਹਨ, ਜਿਵੇਂ ਆਰਮਰ-ਪਲੇਟੇਡ ਦਰਵਾਜੇ, ਬਿਲਡਿੰਗ ਦੀਆਂ ਖਿੜਕੀਆਂ ਅਤੇ ਕੰਧਾਂ ਉੱਤੇ ਸਰੀਏ ਜਾਂ ਕੰਕਰੀਟ ਦੀ ਇਜਾਜ਼ਤ ਨਹੀਂ ਹੈ।

ਆਪਣੀ ਪ੍ਰਾਪਰਟੀ ਦੇ ਪ੍ਰਵੇਸ਼ ਦੁਆਰ ਤੇ ਗੇਟ ਇੰਸਟਾਲ ਕਰਨ ਲਈ, ਕਿਰਪਾ ਕਰਕੇ ਪਹਿਲਾਂ ਸਾਨੂੰ ਸੰਪਰਕ ਕਰੋ ਕਿਉਂਕਿ ਤੁਹਾਨੂੰ ਸਾਡੇ ਬਾਇ-ਲਾਅ ਤੋਂ ਛੋਟ ਵਾਸਤੇ ਅਪਲਾਈ ਕਰਨ ਦੀ ਲੋੜ ਹੋਵੇਗੀ।

ਨਾਲ ਹੀ, ਜੇਕਰ ਤੁਸੀਂ ਸਿਕਿਓਰਿਟੀ ਕੈਮਰੇ ਲਗਾ ਰਹੇ ਹੋ, ਤਾਂ ਕਿਰਪਾ ਕਰਕੇ ਚੰਗੇ ਗਵਾਂਢੀ ਬਣੋ ਅਤੇ ਉਹਨਾਂ ਨੂੰ ਸਿਰਫ ਆਪਣੀ ਪ੍ਰਾਪਰਟੀ ਵੱਲ ਹੀ ਰੱਖੋ।

ਕੂੜਾ, ਰਿਸਾਇਕਲਿੰਗ ਅਤੇ ਔਰਗੈਨਿਕਸ

ਤੁਹਾਡਾ ਘਰੇਲੂ ਕੂੜਾ, ਰੀਸਾਇਕਲ ਕਰਨ ਯੋਗ ਵਸਤਾਂ, ਔਰਗੈਨਿਕਸ ਅਤੇ ਯਾਰਡ ਦਾ ਕੂੜਾ, ਰੀਜਨ ਔਫ ਪੀਲ (Region of Peel) ਵੱਲੋਂ ਲਿਜਾਇਆ ਜਾਂਦਾ ਹੈ। ਔਰਗੈਨਿਕਸ ਹਰ ਹਫਤੇ ਲਿਜਾਏ ਜਾਂਦੇ ਹਨ: ਕੂੜਾ ਅਤੇ ਰੀਸਾਇਕਲ ਕਰਨ ਯੋਗ ਵਸਤਾਂ ਵਿਕਲਪਿਕ ਹਫਤਿਆਂ ਤੇ ਲਿਜਾਈਆਂ ਜਾਂਦੀਆਂ ਹਨ।



ਇਕੱਤਰੀਕਰਨ ਦੇ ਸ਼ੈਡਿਊਲ ਦੀ ਸਮੀਖਿਆ ਅਤੇ ਬਿਨਸ ਦੀ ਬੇਨਤੀ ਕਰਨ ਲਈ, ਕਿਰਪਾ ਕਰਕੇ ਰੀਜਨ ਔਫ ਪੀਲ ਨੂੰ ਸੰਪਰਕ ਕਰੋ ਜਾਂ peelregion.ca/waste ਤੇ ਜਾਓ।

ਡ੍ਰਾਈਵੇ ਵਿੱਚ ਪਾਰਕਿੰਗ

ਟਾਊਨ ਔਫ ਕੈਲਡਨ, ਕਮਿਉਨਿਟੀ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਟ੍ਰੈਫਿਕ ਅਤੇ ਪਾਰਕਿੰਗ ਨੂੰ ਨਿਯੰਤਰਿਤ ਕਰਦਾ ਹੈ।

ਤੁਸੀਂ ਆਪਣੇ ਵਾਹਨ ਨੂੰ ਆਪਣੇ ਡ੍ਰਾਈਵਵੇ ਵਿੱਚ ਪਾਰਕ ਕਰਕੇ ਮਦਦ ਕਰ ਸਕਦੇ ਹੋ, ਤਾਂ ਜੋ ਇਹ ਬੁਲੇਵਾਰਡ, ਕਰਬ ਜਾਂ ਸਾਈਡਵਾਕ ਦੇ ਕਿਸੇ ਵੀ ਹਿੱਸੇ ਤੇ ਬਾਹਰ ਨਾ ਨਿੱਕਲੇ ਜਾਂ ਵਾਹਨ ਸਬੰਧੀ ਟ੍ਰੈਫਿਕ ਦੀਆਂ ਦਿਖਾਈ ਦੇਣ ਵਾਲੀਆਂ ਲਾਈਨਾਂ ਨੂੰ ਨਾ ਢਕੇ।

ਸਾਡੀਆਂ ਸਾਈਡਵਾਕਸ ਨੂੰ ਸਾਫ ਰੱਖਣ ਨਾਲ ਹਰ ਕਿਸੇ ਨੂੰ ਫਾਇਦਾ ਹੁੰਦਾ ਹੈ, ਸਟੌਲਰ (ਬੱਚਾ ਘੁੰਮਾਉਣ ਵਾਲੀ ਗੱਡੀ) ਲਿਜਾਣ ਵਾਲੇ ਮੰਮੀ ਜਾਂ ਡੈਡੀ ਤੋਂ ਲੈ ਕੇ, ਵ੍ਹੀਲਚੇਅਰ ਵਿਚਲੇ ਵਿਅਕਤੀ ਜਾਂ ਵਿੰਟਰ ਸਟੌਰਮ ਤੋਂ ਬਾਅਦ ਸਾਈਡਵਾਕ ਸਨੋਪਲੋ ਓਪਰੇਟਰ ਤੱਕ। ਤੁਹਾਡਾ ਧੰਨਵਾਦ!





ਖਾਸ ਵਾਹਨਾਂ ਦੀ ਸਟੋਰੇਜ

ਐਨਵਾਇਰਨਮੈਂਟਲ ਪਾਲਸੀ ਏਰੀਆ ਜ਼ੋਨ (Environmental Policy Area Zone), ਰੈਜੀਡੈਂਸ਼ੀਅਲ ਜ਼ੋਨ (Residential Zone) ਜਾਂ ਐਗਰੀਕਲਚਰ (Agricultural) ਅਤੇ ਰੂਰਲ ਜ਼ੋਨ (Rural Zone) ਪ੍ਰਬੰਧਾਂ ਦੇ ਅਧੀਨ ਕਿਸੇ ਵੀ ਲੌਟ ਤੇ, ਕਿਸੇ ਯੂਟੀਲਿਟੀ ਟ੍ਰੇਲਰ, ਟੂਰਿਸਟ ਟ੍ਰੇਲਰ, ਟੂਰਿਸਟ ਵਾਹਨ ਜਾਂ ਸਕੂਲ ਬੱਸ ਦੀ ਪਾਰਕਿੰਗ ਜਾਂ ਉਸਨੂੰ ਸਟੋਰ ਕਰਨ ਦੀ ਇਜਾਜ਼ਤ ਸਿਰਫ ਤਦ ਹੀ ਹੋਵੇਗੀ:

a) ਜਿੱਥੇ ਰਿਹਾਇਸ਼ੀ ਵਰਤੋਂ ਲੌਟ ਤੇ ਮੌਜੂਦ ਹੋਵੇ; ਅਤੇ,

b) ਕਿਸੇ ਪ੍ਰਾਈਵੇਟ ਗੈਰਾਜ, ਕਾਰਪੋਰਟ, ਹੋਰ ਬਿਲਡਿੰਗ ਵਿੱਚ ਹੋਵੇ; ਜਾਂ,

c) ਫ੍ਰੰਟ ਲੌਟ ਲਾਈਨ ਅਤੇ ਬਾਹਰੀ ਸਾਈਡ ਲੌਟ ਲਾਈਨ ਤੋਂ ਘੱਟੋ-ਘੱਟ 2.0 ਮੀਟਰ ਦੇ ਸੈੱਟ ਬੈਕ ਵਾਲੇ ਡ੍ਰਾਈਵਵੇ ਜਾਂ ਪਾਰਕਿੰਗ ਖੇਤਰ ਵਿੱਚ ਅਤੇ ਲੋੜੀਂਦੇ ਨਿਊਨਤਮ ਡ੍ਰਾਈਵਵੇ ਸੈੱਟਬੈਕ ਅਤੇ ਸੈਕਸ਼ਨ 5.2.7 ਦੇ ਮੁਤਾਬਕ; ਜਾਂ,

d) ਪਿਛਲੀ ਲੌਟ ਲਾਈਨ ਅਤੇ ਅੰਦਰਲੀ ਸਾਈਡ ਲੌਟ ਲਾਈਨ ਤੋਂ 1.2 ਮੀਟਰ ਦੇ ਨਿਊਨਤਮ ਸੈੱਟ ਬੈਕ ਵਾਲੇ ਪਿਛਲੇ ਯਾਰਡ ਜਾਂ ਅੰਦਰਲੀ ਸਾਈਡ ਦੇ ਯਾਰਡ ਵਿੱਚ।

ਵਿਵਸਾਇਕ ਜਾਂ ਹੋਰ ਪ੍ਰਕਾਰ ਦੇ ਵਾਹਨ

ਕਿਸੇ ਵੀ ਅਜਿਹੇ ਲੌਟ, ਜੋ ਐਨਵਾਇਰਨਮੈਂਟਲ ਪਾਲਸੀ ਏਰੀਆ ਜ਼ੋਨ, ਰੈਜੀਡੈਂਸ਼ੀਅਲ ਜ਼ੋਨ ਜਾਂ ਐਗਰੀਕਲਚਰ (Agricultural) ਅਤੇ ਰੂਰਲ ਜ਼ੋਨ ਪ੍ਰਬੰਧਾਂ ਦੇ ਅਧੀਨ ਹੈ, ਉਸ ਉੱਤੇ ਕੁੱਲ 4,500 ਕਿਲੋਗ੍ਰਾਮ ਤੋਂ ਵੱਧ ਵਜ਼ਨ ਵਾਲੇ ਰਜਿਸਟਰਡ ਵਾਹਨ ਵਾਲੇ ਵਿਵਸਾਇਕ ਮੋਟਰ ਵਾਹਨ ਦੀ ਪਾਰਕਿੰਗ ਜਾਂ ਸਟੋਰੇਜ ਤੇ ਪਾਬੰਦੀ ਹੈ।

ਕਿਸ਼ਤੀਆਂ — ਜਾਂ ਆਟੋਮੋਬਾਈਲ, ਟ੍ਰੱਕਾਂ ਜਾਂ ਮੋਟਰਸਾਈਕਲਾਂ ਦੇ ਇਲਾਵਾ ਵਾਹਨਾਂ — ਨੂੰ ਪ੍ਰਾਈਵੇਟ ਗੈਰਾਜਾਂ, ਕਾਰਪੋਰਟ ਜਾਂ ਉਸੇ ਬਿਲਡਿੰਗ ਵਿੱਚ ਹੀ ਸਟੋਰ ਕੀਤਾ ਜਾਣਾ ਲਾਜ਼ਮੀ ਹੈ ਅਤੇ ਉਹਨਾਂ ਨੂੰ ਕਿਸੇ ਰਿਹਾਇਸ਼ੀ ਖੇਤਰ ਦੇ ਯਾਰਡ ਜਾਂ ਡ੍ਰਾਈਵਵੇ ਵਿੱਚ ਪਾਰਕ ਨਹੀਂ ਕੀਤਾ ਜਾ ਸਕਦਾ।

ਟੈਕਸ

ਪ੍ਰਾਪਰਟੀ ਟੈਕਸ ਦੇ ਭੁਗਤਾਨ, ਮਾਰਚ, ਮਈ, ਜੁਲਾਈ ਅਤੇ ਸਤੰਬਰ ਦੇ ਪਹਿਲੇ ਵੀਰਵਾਰ ਨੂੰ ਕਰਨੇ ਹੁੰਦੇ ਹਨ। ਦੇਰੀ ਦੇ ਜੁਰਮਾਨੇ, ਨਿਯਤ ਤਾਰੀਖ ਤੋਂ ਬਾਅਦ ਵਾਲੇ ਦਿਨ ਲਾਗੂ ਹੁੰਦੇ ਹਨ।

ਕਈ ਭੁਗਤਾਨ ਵਿਕਲਪ ਮੌਜੂਦ ਹਨ। ਉਦਾਹਰਨ ਲਈ, ਤੁਸੀਂ ਮਾਸਿਕ ਭੁਗਤਾਨ ਪਲਾਨ ਤੈਅ ਕਰ ਸਕਦੇ ਹੋ ਜਾਂ ਔਨਲਾਈਨ ਜਾ ਕੇ ਕ੍ਰੈਡਿਟ ਕਾਰਡ ਨਾਲ ਭੁਗਤਾਨ ਕਰ ਸਕਦੇ ਹੋ (ਹਾਲਾਂਕਿ ਇਸ ਸੇਵਾ ਲਈ ਥੋੜ੍ਹੀ ਫੀਸ ਲੱਗਦੀ ਹੈ)।

ਵਧੇਰੇ ਜਾਣਕਾਰੀ ਲਈ, caledon.ca/tax ਤੇ ਜਾਓ।

ਪਾਣੀ

ਰੀਜਨ ਔਫ ਪੀਲ, ਟਾਊਨ ਔਫ ਕੈਲਡਨ ਵਿੱਚ ਪਾਣੀ ਅਤੇ ਗੰਦੇ ਪਾਣੀ ਸਬੰਧੀ ਸੇਵਾਵਾਂ ਲਈ ਜ਼ਿੰਮੇਵਾਰ ਹੈ। ਇਸ ਵਿੱਚ ਵਿਤਰਣ, ਬਿਲਿੰਗ ਅਤੇ ਟੈਸਟਿੰਗ ਸ਼ਾਮਲ ਹੈ। ਹਾਲਾਂਕਿ ਖੂਹ ਦੇ ਪਾਣੀ ਦੇ ਨਮੂਨਿਆਂ ਦੀ ਰੀਜਨ ਔਫ ਪੀਲ ਵੱਲੋਂ ਜਾਂਚ ਕੀਤੀ ਜਾਂਦੀ ਹੈ, ਟੈਸਟਿੰਗ ਲਈ ਬੋਤਲਾਂ, ਮੁਫਤ ਵਿੱਚ ਸਰਵਿਸ ਕੈਲਡਨ ਵਿਖੇ ਸੋਮਵਾਰ ਤੋਂ ਵੀਰਵਾਰ ਤੱਕ ਲਈਆਂ ਅਤੇ ਛੱਡੀਆਂ ਜਾ ਸਕਦੀਆਂ ਹਨ। ਰੀਜਨ ਹਰੇਕ ਸ਼ੁੱਕਰਵਾਰ ਨੂੰ ਨਹੀਂ ਲੈਂਦਾ। ਕਿਰਪਾ ਕਰਕੇ ਧਿਆਨ ਦਿਓ ਕਿ ਨਮੂਨੇ ਦੁਪਹਿਰ ਬਾਅਦ 1 ਵਜੇ ਤੋਂ ਪਹਿਲਾਂ ਦਿੱਤੇ ਜਾ ਸਕਦੇ ਹਨ।



ਨੋਟਸ



ਯਾਰਡਸ

ਓਹ, ਯਾਰਡ। ਯਾਰਡ ਵਾਲੇ ਘਰ ਦਾ ਮਾਲਕ ਹੋਣ ਦੀਆਂ ਖੁਸ਼ੀਆਂ ਵਿੱਚੋਂ ਇੱਕ, ਆਪਣੀ ਖੁਦ ਦੀ ਬਾਹਰੀ ਜਗ੍ਹਾ ਹੋਣਾ ਹੈ। ਇਹ ਭਾਗ ਤੁਹਾਨੂੰ ਇਹ ਸਮਝਣ ਵਿੱਚ ਮਦਦ ਲਈ ਹੈ ਕਿ ਅਸੀਂ ਸਾਰੇ ਸਾਡੀਆਂ ਬਾਹਰਲੀਆਂ ਥਾਵਾਂ ਨੂੰ ਆਕਰਸ਼ਕ ਬਣਾਉਣ ਅਤੇ ਸਾਡੀ ਕਮਿਉਨਿਟੀ ਵਿੱਚ ਸ਼ਾਨਦਾਰ ਖੂਬਸੂਰਤੀ ਸ਼ਾਮਲ ਕਰਨ ਵਾਸਤੇ ਸਮੂਹਿਕ ਰੂਪ ਨਾਲ ਇਕੱਠੇ ਕਿਵੇਂ ਕੰਮ ਕਰ ਸਕਦੇ ਹਾਂ।

ਡ੍ਰਾਈਵਵੇਜ

ਡ੍ਰਾਈਵਵੇਜ ਸਾਡੇ ਘਰ ਦੀ ਇੱਕ ਮਹੱਤਵਪੂਰਣ ਵਿਸ਼ੇਸ਼ਤਾ ਹਨ। ਅਸੀਂ ਉਹਨਾਂ ਦੀ ਵਰਤੋਂ ਸਾਡੀਆਂ ਪ੍ਰਾਪਰਟੀਜ ਤੱਕ ਪਹੁੰਚਣ ਅਤੇ ਵਾਹਨਾਂ ਨੂੰ ਪਾਰਕ ਕਰਨ ਦੀ ਜਗ੍ਹਾ ਵਜੋਂ ਕਰਦੇ ਹਾਂ।

ਉਹ ਘਰ ਦੇ ਰੰਗ-ਰੂਪ ਅਤੇ ਸਮੁੱਚੇ ਗਵਾਂਢ ਦੀ ਸਟ੍ਰੀਟ ਸਕੇਪ ਦਾ ਵੀ ਇੱਕ ਮਹੱਤਵਪੂਰਣ ਹਿੱਸਾ ਹਨ।

ਦੇਖਭਾਲ

ਸਾਡੇ ਗਵਾਂਢਾਂ ਦੀ ਹਵਾ ਨੂੰ ਮਿੱਟੀ-ਰਹਿਤ ਰੱਖਣ ਵਿੱਚ ਮਦਦ ਲਈ, ਤੁਹਾਡਾ ਡ੍ਰਾਈਵਵੇ ਸੜਕਾਂ ਬਣਾਉਣ ਵਾਲੇ ਮਸਾਲੇ, ਕੰਕਰੀਟ, ਬਜਰੀ ਜਾਂ ਇਹੋ ਜਿਹੀ ਸਮੱਗਰੀ ਦੀ ਸਤ੍ਹਾ ਨਾਲ ਤਿਆਰ ਹੋਇਆ ਹੋਣਾ ਲਾਜ਼ਮੀ ਹੈ।

ਪਾਰਕਿੰਗ

ਤੁਹਾਡੇ ਲਾਅਨ ਜਾਂ ਪ੍ਰਾਪਰਟੀ ਦੇ ਕਿਸੇ ਵੀ ਘਾਹ ਵਾਲੇ ਖੇਤਰ ਤੇ ਪਾਰਕਿੰਗ ਦੀ ਇਜਾਜ਼ਤ ਨਹੀਂ ਹੈ। ਇਹ ਨੁਕਸਾਨ ਅਤੇ ਸਟ੍ਰੀਟ ਸਕੇਪ ਨੂੰ ਘਟਾ ਸਕਦੀ ਹੈ ਅਤੇ ਵਾਤਵਾਰਣ ਨੂੰ ਵੀ ਹਾਨੀ ਪਹੁੰਚਾ ਸਕਦੀ ਹੈ, ਜੇਕਰ ਤੇਲ ਅਤੇ ਗੈਸ ਵਰਗੇ ਤਰਲ ਪਦਾਰਥ ਮਿੱਟੀ ਜਾਂ ਜ਼ਮੀਨ ਦੇ ਅੰਦਰਲੇ ਪਾਣੀ ਵਿੱਚ ਰਿਸਦੇ ਹਨ।



ਤੁਹਾਡੇ ਡ੍ਰਾਈਵਵੇ ਨੂੰ ਚੌੜਾ ਕਰਨਾ

ਕਿਸੇ ਵੀ ਸਥਿਤੀ ਵਿੱਚ ਕਿਸੇ ਸਿੰਗਲ ਡੀਟੈਚਡ, ਸੈਮੀ-ਡੀਟੈਚਡ, ਲਿੰਕਡ ਜਾਂ ਟਾਊਨਹਾਊਸ ਘਰ ਤੱਕ ਪਹੁੰਚ ਵਾਲੇ ਕਿਸੇ ਵਿਅਕਤੀਗਤ ਡ੍ਰਾਈਵਵੇ ਦੀ ਚੌੜਾਈ ਨੂੰ ਇਸਦੇ ਸਭ ਤੋਂ ਚੌੜੇ ਬਿੰਦੂ ਤੇ ਇਸਤੋਂ ਵੱਧ ਨਹੀਂ ਕੀਤਾ ਜਾ ਸਕਦਾ:

1) 12.0 ਮੀਟਰ ਜਾਂ ਘੱਟ ਦੇ ਲੌਟ ਫ੍ਰੰਟੇਜ ਵਾਲੇ ਲੌਟ ਲਈ 6.0 ਮੀਟਰ;

2) 12.0 ਮੀਟਰ ਤੋਂ ਵੱਧ ਵਾਲੇ ਲੌਟ ਤੇ ਲੌਟ ਫ੍ਰੰਟੇਜ ਅਤੇ 18.0 ਮੀਟਰ ਤੋਂ ਘੱਟ ਲੌਟ ਫ੍ਰੰਟੇਜ ਦੇ 50 ਪ੍ਰਤੀਸ਼ਤ ਦੇ ਬਰਾਬਰ;

3) 18.0 ਮੀਟਰ ਦੇ ਬਰਾਬਰ ਜਾਂ ਇਸਤੋਂ ਵੱਧ ਦੇ ਲੌਟ ਫ੍ਰੰਟੇਜ ਵਾਲੇ ਲੌਟ ਲਈ 10.0 ਮੀਟਰ;

ਡ੍ਰਾਈਵਵੇ ਜੋੜਨਾ

ਜੇਕਰ ਤੁਸੀਂ ਨਵਾਂ ਘਰ ਬਣਾ ਰਹੇ ਹੋ ਅਤੇ ਡ੍ਰਾਈਵਵੇ ਦੀ ਲੋੜ ਹੈ ਜਾਂ ਤੁਸੀਂ ਆਪਣੀ ਪ੍ਰਾਪਰਟੀ ਤੇ ਦੂਜਾ ਪ੍ਰਵੇਸ਼ ਦੁਆਰ ਜੋੜਨ ਦੀ ਯੋਜਨਾ ਬਣਾ ਰਹੇ ਹੋ, ਤਾਂ ਪਹਿਲਾਂ ਸਾਡੇ ਨਾਲ ਗੱਲ ਕਰੋ।

ਸਾਨੂੰ ਕਈ ਕਾਰਕਾਂ ਤੇ ਵਿਚਾਰ ਕਰਨਾ ਪਵੇਗਾ, ਜਿਹਨਾਂ ਵਿੱਚ ਸ਼ਾਮਲ ਹਨ:

- ਟ੍ਰੈਫਿਕ ਦੇ ਦ੍ਰਿਸ਼ਟੀਕੋਣ ਤੋਂ ਥਾਂ ਸੁਰੱਖਿਅਤ ਹੈ ਜਾਂ ਨਹੀਂ;
- ਇਹ ਕਿ ਇਸ ਨਾਲ ਕੁਦਰਤੀ ਤੌਰ ਤੇ ਸੁਰੱਖਿਅਤ ਵਿਸ਼ੇਸ਼ਤਾ ਤੇ ਅਸਰ ਨਹੀਂ ਪੈਂਦਾ, ਜਿਵੇਂ ਦਲਦਲੀ ਜ਼ਮੀਨ;
- ਪੁਲੀ ਦੀ ਲੋੜ ਹੈ ਜਾਂ ਨਹੀਂ, ਅਤੇ;
- ਇਹ ਕਿਸੇ ਹੋਰ ਜ਼ੋਨਿੰਗ ਸ਼ਰਤਾਂ ਦੀ ਪਾਲਣਾ ਕਰਦੀ ਹੈ।

ਪਾਣੀ ਦੀ ਨਿਕਾਸੀ

ਤੁਹਾਡੀ ਪ੍ਰਾਪਰਟੀ ਜਾਂ ਨਾਲ ਲੱਗਦੇ ਲੌਟਸ ਨੂੰ ਹੜ੍ਹ ਅਤੇ ਨੁਕਸਾਨ ਤੋਂ ਬਚਾਉਣ ਲਈ ਪਾਣੀ ਦੇ ਵਹਾਅ ਅਤੇ ਨਿਕਾਸੀ ਨੂੰ ਨਿਯੰਤਰਿਤ ਕਰਨਾ ਮਹੱਤਵਪੂਰਣ ਹੈ। ਜਦੋਂ ਤੁਸੀਂ ਆਪਣੀਆਂ ਭੂਮੀਗਤ ਪਾਈਪਾਂ ਪਾਉਂਦੇ ਹੋ, ਤਾਂ ਉਹਨਾਂ ਨੂੰ ਆਪਣੀ ਪ੍ਰਾਪਰਟੀ ਤੇ ਪਾਣੀ ਦੇ ਨਿਕਾਸ ਵੱਲ ਕਰੋ, ਤਾਂ ਜੋ ਇਹ ਗਵਾਂਢ ਦੇ ਲੌਟ ਤੇ ਇਕੱਠਾ ਨਾ ਹੋਵੇ ਜਾਂ ਵਹੇ ਨਾ।

ਖੜ੍ਹਾ ਪਾਣੀ ਲੋਕਾਂ ਦੀ ਸਿਹਤ ਤੇ ਅਸਰ ਪਾ ਸਕਦਾ ਹੈ ਅਤੇ ਮੱਛਰਾਂ ਵਰਗੇ ਹਾਨੀਕਾਰਕ ਜੀਵਾਂ ਲਈ ਪਲਣ ਵਾਲੀ ਜਗ੍ਹਾ ਬਣ ਸਕਦਾ ਹੈ।

ਕਿਰਪਾ ਕਰਕੇ ਆਪਣੀ ਪ੍ਰਾਪਰਟੀ ਦੇ ਸਜਾਵਟੀ ਫੁਹਾਰਿਆਂ, ਪੂਲਸ ਜਾਂ ਹੇਠਲੇ ਖੇਤਰਾਂ ਵਿੱਚ ਪਾਣੀ ਦੀ ਨਿਕਾਸੀ ਸਹੀ ਢੰਗ ਨਾਲ ਕਰੋ ਅਤੇ ਇਸਨੂੰ ਖੜ੍ਹਾ ਹੋਇਆ ਨਾ ਛੱਡੋ। ਜੇਕਰ ਤੁਹਾਨੂੰ ਖੜ੍ਹਾ ਪਾਣੀ ਦਿੱਸੇ, ਤਾਂ ਇਸ ਬਾਰੇ ਚਿੰਤਾਵਾਂ ਦੀ ਰਿਪੋਰਟ ਰੀਜਨ ਔਫ ਪੀਲ ਨੂੰ ਕੀਤੀ ਜਾ ਸਕਦੀ ਹੈ।

ਪ੍ਰਾਪਰਟੀ ਉੱਤੇ ਗ੍ਰੇਡ ਬਦਲਣ ਨਾਲ ਕੁਦਰਤੀ ਪਾਣੀ ਨਿਕਾਸੀ ਬਦਲ ਸਕਦੀ ਹੈ। ਹੜ੍ਹ ਤੋਂ ਬਚਣ ਲਈ, ਗ੍ਰੇਡ ਦਾ ਅਦਲ-ਬਦਲ ਚੰਗੀ ਤਰ੍ਹਾਂ ਹੋਣਾ ਚਾਹੀਦੀ ਹੈ ਅਤੇ ਵਸਨੀਕਾਂ ਨੂੰ ਕੋਈ ਵੀ ਉਸਾਰੀ ਜਾਂ ਅਜਿਹਾ ਹੋਰ ਕੰਮ ਕਰਨ ਤੋਂ ਪਹਿਲਾਂ ਟਾਊਨ ਨੂੰ ਸੰਪਰਕ ਕਰਨਾ ਲਾਜ਼ਮੀ ਹੈ, ਜੇ ਗ੍ਰੇਡ ਤੇ ਅਸਰ ਪਾ ਸਕਦਾ ਹੋਵੇ।

ਈਜਮੈਂਟ, ਮਾਲਕ ਦੇ ਇਲਾਵਾ ਕਿਸੇ ਹੋਰ ਧਿਰ ਵੱਲੋਂ ਜ਼ਮੀਨ ਨੂੰ ਪਾਰ ਕਰਨ ਜਾਂ ਵਰਤਣ ਦਾ ਕਨੂੰਨੀ ਅਧਿਕਾਰ ਹੈ (ਅਕਸਰ ਮਿਊਨਿਸਿਪਲਟੀਜ ਅਤੇ ਯੂਟੀਲਿਟੀ ਕੰਪਨੀਆਂ)।

ਕਈ ਪ੍ਰਾਪਰਟੀਜ ਵਿੱਚ ਪਾਣੀ ਨਿਕਾਸੀ ਈਜਮੈਂਟਸ ਹੁੰਦੀਆਂ ਹਨ, ਜੋ ਖੜ੍ਹੇ ਪਾਣੀ ਦੇ ਸਹੀ ਪ੍ਰਵਾਹ ਨੂੰ ਯਕੀਨੀ ਬਣਾਉਣ ਲਈ ਸਥਾਪਤ ਕੀਤੀਆਂ ਜਾਂਦੀਆਂ ਹਨ। ਇੱਕ ਰਜਿਸਟਰਡ ਨਿਕਾਸੀ ਈਜਮੈਂਟ ਦੀ ਪਛਾਣ ਤੁਹਾਡੇ ਪ੍ਰਾਪਰਟੀ ਸਰਵੇਖਣ ਮਸ਼ਵਰੇ ਦੁਆਰਾ ਕੀਤੀ ਜਾ ਸਕਦੀ ਹੈ।

ਪਾਣੀ ਨਿਕਾਸੀ ਈਜਮੈਂਟਸ ਅਤੇ ਸਵੇਲਸ ਨੂੰ ਕਦੇ ਵੀ ਬਲੌਕ ਕੀਤਾ ਜਾਂ ਬਦਲਿਆ ਨਹੀਂ ਜਾਣਾ ਚਾਹੀਦਾ ਕਿਉਂਕਿ ਇਸ ਨਾਲ ਹੜ੍ਹ ਆਉਣ ਅਤੇ ਗਵਾਂਢ ਦੀਆਂ ਪ੍ਰਾਪਰਟੀਜ ਤੇ ਅਸਰ ਪੈਣ ਦਾ ਖਤਰਾ ਹੋ ਸਕਦਾ ਹੈ। ਜੇਕਰ ਅਜਿਹਾ ਹੁੰਦਾ ਹੈ, ਤਾਂ ਪਾਣੀ ਨਿਕਾਸੀ ਈਜਮੈਂਟ ਨੂੰ ਪ੍ਰਾਪਰਟੀ ਮਾਲਕ ਦੇ ਖਰਚੇ ਤੇ ਦੁਬਾਰਾ ਸਥਾਪਤ ਕਰਨ ਦੀ ਲੋੜ ਹੋਵੇਗੀ।

ਵਸਨੀਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਹ ਨਿਰਧਾਰਤ ਕਰਨ ਲਈ ਆਪਣੇ ਪ੍ਰਾਪਰਟੀ ਟਾਈਟਲ ਦਸਤਾਵੇਜ਼ਾਂ ਦੀ ਸਮੀਖਿਆ ਕਰਨ ਕਿ ਕੀ ਉਹਨਾਂ ਦੀ ਰਜਿਸਟਰਡ ਈਜਮੈਂਟ ਹੈ।

ਸਵਿਮਿੰਗ ਪੂਲਸ, ਸਪਾ ਜਾਂ ਹੌਟ ਟੱਬ

ਸਵਿਮਿੰਗ ਪੂਲ, ਸਪਾ ਅਤੇ/ਜਾਂ ਹੌਟ ਟੱਬ ਤੋਂ ਸਟੌਰਮ ਡ੍ਰੇਨ ਵਿੱਚ ਪਾਣੀ ਆਉਣ ਤੇ ਟਾਊਨ ਔਫ ਕੈਲਡਨ ਵਿੱਚ ਪਾਬੰਦੀ ਹੈ। ਸਟੌਰਮ ਸੀਵਰ ਸਿੱਧੇ ਸਾਡੇ ਲੋਕਲ ਜਲ ਮਾਰਗਾਂ ਵਿੱਚ ਜਾਂਦੇ ਹਨ ਅਤੇ ਪੂਲ, ਸਪਾ ਅਤੇ ਹੌਟ ਟੱਬ ਦੇ ਪਾਣੀ ਵਿੱਚ ਵਰਤੀਆਂ ਗਈਆਂ ਯੋਜਕ ਵਸਤੂਆਂ ਅਤੇ ਰਸਾਇਣ, ਕੁਦਰਤੀ ਵਾਤਾਵਰਣ ਨੂੰ ਨੁਕਸਾਨ ਪਹੁੰਚਾ ਸਕਦੇ ਹਨ ਜਾਂ ਸਾਡੇ ਪੀਣ ਦੇ ਪਾਣੀ ਨੂੰ ਦੂਸ਼ਤ ਕਰ ਸਕਦੇ ਹਨ।

ਕੀ ਤੁਸੀਂ ਇੰਗਲਵੁੱਡ *(Inglewood)* ਵਿੱਚ ਰਹਿੰਦੇ ਹੋ? ਹੇਠਾਂ ਦਿੱਤਾ ਵਿਕਲਪ ਨੰ. 1 ਤੁਹਾਡੇ ਤੇ ਲਾਗੂ ਨਹੀਂ ਹੁੰਦਾ। ਦੂਜੇ ਸ਼ਬਦਾਂ ਵਿੱਚ, ਆਪਣੀ ਪ੍ਰਾਪਰਟੀ ਤੇ ਸਥਿਤ ਬਿਲਡਿੰਗ ਡ੍ਰੇਨ ਦੇ ਦੁਆਰਾ ਆਪਣੇ ਪੂਲ, ਸਪਾ ਜਾਂ ਹੌਟ ਟੱਬ ਤੋਂ ਪਾਣੀ ਨਿਕਾਸੀ ਨਾ ਕਰੋ, ਜੇਕਰ ਇਹ ਇੰਗਲਵੁੱਡ ਵਿੱਚ ਸਥਿਤ ਹੈ। ਵਧੇਰੇ ਜਾਣਕਾਰੀ ਅਤੇ ਸਹਾਇਤਾ ਲਈ, ਰੀਜਨ ਆਫ ਪੀਲ ਨੂੰ *(905) 791-7800* ਤੇ ਸੰਪਰਕ ਕਰੋ।

ਜੇਕਰ ਤੁਹਾਨੂੰ ਆਪਣੇ ਪੂਲ, ਸਪਾ ਅਤੇ/ਜਾਂ ਹੌਟ ਟੱਬ ਦੀ ਪਾਣੀ ਨਿਕਾਸੀ ਦੀ ਲੋੜ ਹੈ ਤਾਂ ਇਸ ਵਾਸਤੇ ਤਿੰਨ ਵਿਕਲਪ (ਹੇਠਾਂ) ਹਨ।

1. **ਤੁਹਾਡੇ ਪ੍ਰਾਪਰਟੀ ਦੇ ਪ੍ਰਾਈਵੇਟ ਸੈਨੀਟਰੀ ਨਿਕਾਸ ਦੁਆਰਾ ਪਾਣੀ ਦੀ ਨਿਕਾਸੀ।**
2. **ਆਪਣੀ ਪ੍ਰਾਪਰਟੀ ਤੇ ਪਾਣੀ ਦੀ ਨਿਕਾਸੀ ਇਸ ਤਰ੍ਹਾਂ ਕਰੋ ਕਿ ਜ਼ਮੀਨ ਉਸਨੂੰ ਸੋਖ ਲਵੇ।**
3. **ਪਾਣੀ ਨੂੰ ਕੱਢਣ ਵਾਸਤੇ ਮਿਨਿਸਟਰੀ ਔਫ ਦ ਐਨਵਾਇਰਨਮੈਂਟ (Ministry of the Environment) ਵੱਲੋਂ ਮਨਜ਼ੂਰੀਸ਼ੁਦਾ ਡਿਸਪੋਜਲ ਕੰਪਨੀ ਨੂੰ ਸੰਪਰਕ ਕਰੋ।**

ਆਪਣੇ ਪੂਲ, ਸਪਾ ਅਤੇ/ਜਾਂ ਹੌਟ ਟੱਬ ਦੇ ਪਾਣੀ ਨੂੰ ਛੱਡਣ ਵੇਲੇ, ਧਿਆਨ ਵਿੱਚ ਰੱਖੋ:

- ਪਾਣੀ ਦੀ ਨਿਕਾਸੀ ਸਟੌਰਮ ਸੀਵਰਾਂ ਅਤੇ/ਜਾਂ ਸੜਕ ਤੋਂ ਦੂਰ ਕਰੋ
- ਸਿਰਫ ਆਪਣੀ ਪ੍ਰਾਪਰਟੀ ਤੇ ਅਤੇ ਆਪਣੀ ਪ੍ਰਾਪਰਟੀ ਲਾਈਨ ਸੀਮਾਵਾਂ ਦੇ ਅੰਦਰ ਹੀ ਪਾਣੀ ਦੀ ਨਿਕਾਸੀ ਕਰੋ।
- ਉੱਥੇ ਪਾਣੀ ਦੀ ਨਿਕਾਸੀ ਨਾ ਕਰੋ, ਜਿੱਥੇ ਇਹ ਖੱਡ, ਨਦੀ, ਖੂਹ ਜਾਂ ਸੈਪਟਿਕ ਸਿਸਟਮ ਵੱਲ ਜਾ ਸਕਦਾ ਹੋਵੇ।
- ਪਾਣੀ ਨੂੰ ਸੈਪਟਿਕ ਸਿਸਟਮ ਤੋਂ ਘੱਟੋ-ਘੱਟ 5 ਮੀਟਰ ਦੂਰ, ਡ੍ਰਿਲ ਕੀਤੇ ਖੂਹ (ਘੱਟੋ-ਘੱਟ 6 ਮੀ. ਡੂੰਘਾਈ ਵਿੱਚ ਵਾਟਰਟਾਈਟ ਕੇਸਿੰਗ ਹੋਣਾ) ਤੋਂ ਘੱਟੋ-ਘੱਟ 15 ਮੀਟਰ ਦੂਰ ਜਾਂ ਹੋਰ ਸਾਰੇ ਖੂਹਾਂ ਤੋਂ ਘੱਟੋ-ਘੱਟ 30 ਮੀਟਰ ਦੂਰ ਛੱਡਿਆ ਜਾਣਾ ਚਾਹੀਦਾ ਹੈ, ਜਦੋਂ ਵੀ ਸੰਭਵ ਹੋਵੇ।
- ਪਾਣੀ ਨੂੰ ਇਸ ਢੰਗ ਨਾਲ ਛੱਡਿਆ ਜਾਣਾ ਚਾਹੀਦਾ ਹੈ, ਜੋ ਪਰੇਸ਼ਾਨੀਆਂ ਅਤੇ/ਜਾਂ ਹੜ੍ਹ ਤੋਂ ਬਚਾਵੇ (ਜਿਵੇਂ ਸਥਿਰ/ਖੜ੍ਹਾ ਪਾਣੀ)।
- ਪਾਣੀ ਨੂੰ ਢਲਾਣ ਜਾਂ ਘਾਟੀ ਦੇ ਹੇਠਾਂ ਨਾ ਵਹਿਣ ਦਿਓ।
- ਪਾਣੀ ਦੀ ਨਿਕਾਸੀ ਬਿਲਡਿੰਗ ਡ੍ਰੇਨ ਦੁਆਰਾ ਨਾ ਕਰੋ, ਜੇਕਰ ਡ੍ਰੇਨ ਕਿਸੇ ਪ੍ਰਾਈਵੇਟ ਜਾਂ ਕਮਿਊਨਲ ਸੈਪਟਿਕ ਸਿਸਟਮ ਨਾਲ ਜੁੜਿਆ ਹੋਇਆ ਹੈ।

ਵਾੜਾਂ

ਤੁਹਾਡੀ ਪ੍ਰਾਪਰਟੀ ਤੇ ਇੱਕ ਵਾੜ ਜਾਂ ਸਕ੍ਰੀਨ, ਪ੍ਰਾਈਵੇਸੀ ਅਤੇ ਸੁਰੱਖਿਆ ਦਾ ਅਹਿਸਾਸ ਪੈਦਾ ਕਰਦੀ ਹੈ। ਚੰਗੇ ਗਵਾਂਢੀ ਇਹ ਯਕੀਨੀ ਬਣਾ ਕੇ ਸਤਿਕਾਰ ਪ੍ਰਗਟ ਕਰਦੇ ਹਨ ਕਿ ਉਹਨਾਂ ਦੀਆਂ ਵਾੜਾਂ ਢਾਂਚਾਗਤ ਰੂਪ ਨਾਲ ਮਜ਼ਬੂਤ ਅਤੇ ਚੰਗੀ ਤਰ੍ਹਾਂ ਵਿਵਸਥਿਤ ਹਨ।



ਹੇਠਾਂ ਇਹ ਯਕੀਨੀ ਬਣਾਉਣ ਵਿੱਚ ਮਦਦ ਲਈ ਧਿਆਨ ਰੱਖਣ ਵਾਲੀਆਂ ਕੁਝ ਗੱਲਾਂ ਦਿੱਤੀਆਂ ਗਈਆਂ ਹਨ ਕਿ ਤੁਹਾਡੀ ਵਾੜ ਜਾਂ ਸਕ੍ਰੀਨ ਸਾਡੇ ਸਟੈਂਡਰਡਾਂ ਨੂੰ ਪੂਰਾ ਕਰਦੀ ਹੈ ਅਤੇ ਗਵਾਂਢ ਦੇ ਅਨੁਕੂਲ ਹੈ।

ਚੰਗਾ ਹੋਵੇਗਾ ਕਿ ਤੁਸੀਂ ਨਿਰਮਾਣ ਤੋਂ ਪਹਿਲਾਂ ਇਹ ਯਕੀਨੀ ਬਣਾਉਣ ਲਈ ਆਪਣੇ ਪ੍ਰਾਪਰਟੀ ਸਰਵੇਖਣ ਦੀ ਸਮੀਖਿਆ ਕਰੋ (ਜਾਂ ਜ਼ਮੀਨ ਦੇ ਸਰਵੇਖਕ ਤੋਂ ਕਰਵਾਓ) ਕਿ ਵਾੜ ਪੂਰੀ ਤਰ੍ਹਾਂ ਤੁਹਾਡੀ ਪ੍ਰਾਪਰਟੀ ਦੇ ਅੰਦਰ ਹੈ। ਇਹ ਨਿਰਧਾਰਤ ਕਰਨ ਲਈ ਕਿ ਵਾੜਾਂ ਸਬੰਧੀ ਕੋਈ ਵਾਧੂ ਪਾਬੰਦੀਆਂ ਤਾਂ ਨਹੀਂ ਹਨ, ਧਿਆਨ ਨਾਲ ਇਕਰਾਰਨਾਮਿਆਂ ਦੀ ਸਮੀਖਿਆ ਕਰੋ, ਜੋ ਤੁਹਾਡੀ ਪ੍ਰਾਪਰਟੀ ਦੇ ਟਾਈਟਲ ਤੇ ਰਜਿਸਟਰਡ ਹਨ। ਅਖੀਰ ਵਿੱਚ, ਇਹ ਵੀ ਠੀਕ ਰਹੇਗਾ ਕਿ ਤੁਸੀਂ ਆਪਣੇ ਗਵਾਂਢੀਆਂ ਨੂੰ ਆਪਣੀਆਂ ਯੋਜਨਾਵਾਂ ਬਾਰੇ ਦੱਸੋ ਕਿਉਂਕਿ ਵਾੜ ਉਹਨਾਂ ਦੀ ਪ੍ਰਾਪਰਟੀ ਤੇ ਅਸਰ ਪਾ ਸਕਦੀ ਹੈ।

ਜੇਕਰ ਵਾੜ ਸਾਂਝੀ ਪ੍ਰਾਪਰਟੀ ਲਾਈਨ ਤੇ ਬਣਾਈ ਜਾਂਦੀ ਹੈ, ਤਾਂ ਹਰੇਕ ਗਵਾਂਢੀ ਮਾਲਕੀ ਦਾ ਦਾਅਵਾ ਕਰ ਸਕਦਾ ਹੈ ਅਤੇ ਦੇਖਭਾਲ ਜਾਂ ਹੋਰ ਖਰਚਿਆਂ ਲਈ ਜ਼ਿੰਮੇਵਾਰ ਹੋ ਸਕਦਾ ਹੈ। (ਇਹਨਾਂ ਸਥਿਤੀਆਂ ਵਿੱਚ ਮਾਲਕੀ ਨਿਰਧਾਰਤ ਕਰਨ ਜਾਂ ਖਰਚਿਆਂ ਦੇ ਹਿੱਸੇ ਪਾਉਣ ਵਿੱਚ ਟਾਊਨ ਦਾ ਕੋਈ ਅਧਿਕਾਰ ਨਹੀਂ ਹੈ।)

ਹਾਲਾਂਕਿ ਪਰਮਿਟ ਆਮ ਤੌਰ ਤੇ ਵਾੜਾਂ ਜਾਂ ਪ੍ਰਾਈਵੇਟ ਸਕ੍ਰੀਨਾਂ ਲਈ ਜ਼ਰੂਰੀ ਨਹੀਂ ਹੁੰਦਾ, ਪਰਮਿਟ ਸਵਿਮਿੰਗ ਪੂਲ ਦੇ ਆਲੇ-ਦੁਆਲੇ ਵਾੜ ਲਈ ਜ਼ਰੂਰੀ ਹੁੰਦਾ ਹੈ। (ਸਵਿਮਿੰਗ ਪੂਲ ਦੇ ਆਲੇ-ਦੁਆਲੇ ਵਾੜ ਅਤੇ ਖੁਦ ਬੰਦ ਹੋਣ ਵਾਲੀ ਕੁੰਡੀ ਵਾਲਾ ਗੇਟ ਹੋਣਾ ਲਾਜ਼ਮੀ ਹੈ)।

ਸਧਾਰਨ ਰੂਪ ਨਾਲ ਇਸ ਬਾਰੇ ਕੋਈ ਪਾਬੰਦੀਆਂ ਨਹੀਂ ਹਨ ਕਿ ਤੁਸੀਂ ਆਪਣੀ ਪ੍ਰਾਪਰਟੀ ਤੇ ਕਿੱਥੇ ਵਾੜ ਲਗਾ ਸਕਦੇ ਹੋ। ਹਾਲਾਂਕਿ, ਰਿਹਾਇਸ਼ੀ ਖੇਤਰਾਂ ਵਿੱਚ ਵਾੜਾਂ ਲਈ ਅਧਿਕਤਮ ਉੱਚਾਈ ਸਬੰਧੀ ਪਾਬੰਦੀਆਂ ਹਨ:

- ਮੂਹਰਲਾ ਯਾਰਡ: 1.5 ਮੀ. (ਜਾਂ ਸਬਡਿਵੀਜਨ ਦੇ ਅੰਦਰ 1 ਮੀ.)
- ਅੰਦਰਲੀ ਸਾਈਡ ਦਾ ਯਾਰਡ: 2 ਮੀ.
- ਬਾਹਰਲੀ ਸਾਈਡ ਦਾ ਯਾਰਡ: 1.5 ਮੀ.
- ਪਿਛਲਾ ਯਾਰਡ: 2 ਮੀ.

ਕੁਝ ਸਬਡਿਵੀਜਨਾਂ ਲਈ ਵਾੜਾਂ ਸਬੰਧੀ ਸ਼ਰਤਾਂ ਅਤੇ ਪਾਬੰਦੀਆਂ ਹੋ ਸਕਦੀਆਂ ਹਨ। ਤੁਹਾਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਇਹ ਪੁਸ਼ਟੀ ਕਰਨ ਲਈ ਆਪਣੇ ਪ੍ਰਾਪਰਟੀ ਟਾਈਟਲ ਦਸਤਾਵੇਜ਼ਾਂ ਦੀ ਸਮੀਖਿਆ ਕਰੋ ਕਿ ਕੀ ਤੁਹਾਡੀ ਪ੍ਰਾਪਰਟੀ ਤੇ ਅਜਿਹੀਆਂ ਸ਼ਰਤਾਂ ਲਾਗੂ ਹਨ।

ਜੇਕਰ ਤੁਸੀਂ ਪ੍ਰਾਈਵੇਸੀ ਸਕ੍ਰੀਨ ਬਣਾ ਰਹੇ ਹੋ ਤਾਂ ਹੇਠਾਂ ਲਿਖੀਆਂ ਗੱਲਾਂ ਨੂੰ ਧਿਆਨ ਵਿੱਚ ਰੱਖੋ:

- ਮੂਹਰਲੇ ਯਾਰਡ ਵਿੱਚ ਉਹਨਾਂ ਦੀ ਇਜਾਜ਼ਤ ਨਹੀਂ ਹੈ।
- ਉਹ 3 ਮੀ. ਤੋਂ ਉੱਚੀਆਂ ਨਹੀਂ ਹੋਣੀਆਂ ਚਾਹੀਦੀਆਂ (ਜਾਂ ਜੇਕਰ ਡੈੱਕ ਦਾ ਹਿੱਸਾ ਹਨ ਤਾਂ 2 ਮੀ.)
- ਉਹ ਪ੍ਰਾਪਰਟੀ ਲਾਈਨਾਂ ਤੋਂ ਘੱਟੋ-ਘੱਟ 1.5 ਮੀ. ਦੂਰ ਹੋਣੀਆਂ ਲਾਜ਼ਮੀ ਹਨ।
- ਸੈੱਟਬੈਕ ਵਧ ਜਾਂਦਾ ਹੈ, ਜੇਕਰ ਸਟ੍ਰੀਟ ਦੇ ਨਾਲ ਇੱਕ ਯਾਰਡ ਵਿੱਚ ਲਗਾਈਆਂ ਹੋਣ।
- ਸੈੱਟਬੈਕ ਘਟ ਜਾਂਦਾ ਹੈ, ਜਿੱਥੇ ਘਰਾਂ ਵਿੱਚ ਸਾਂਝੀ ਕੰਧ ਹੁੰਦੀ ਹੈ।
- ਲੌਟ ਤੇ ਸਾਰੀਆਂ ਪ੍ਰਾਈਵੇਸੀ ਸਕ੍ਰੀਨਾਂ ਦੀ ਮਿਲਾ ਕੇ ਕੁੱਲ ਲੰਮਾਈ 8 ਮੀ. ਤੋਂ ਵੱਧ ਨਹੀਂ ਹੋਣੀ ਚਾਹੀਦੀ।

ਵਧੇਰੇ ਜਾਣਕਾਰੀ ਲਈ, caledon.ca/fence ਤੇ ਜਾਓ।

ਨੋਟਸ

ਫਿਲ ਅਤੇ ਸਾਈਟ ਬਦਲਾਅ

ਫਿਲ ਕੀ ਹੈ? ਔਰਗੈਨਿਕ ਮਿੱਟੀ, ਦਲਦਲ ਦੇ ਕੋਲੇ, ਮਿੱਟੀ, ਪੱਥਰ, ਕੰਕਰੀਟ, ਸੜਕਾਂ ਬਣਾਉਣ ਦੇ ਮਸਾਲੇ, ਘਾਹ ਮਿਲੀ ਮਿੱਟੀ, ਗਲੀ ਸੜੀ ਬਨਸਪਤੀ, ਧੂੜ, ਧਰਤੀ, ਢੇਰ, ਡੇਰੀ ਬਾਰੇ ਇੱਕੋ ਜਾਂ ਇਹਨਾਂ ਨੂੰ ਮਿਲਾ ਕੇ ਸੋਚੋ, ਪਰੰਤੂ ਇਸ ਵਿੱਚ ਖਾਦ ਸ਼ਾਮਲ ਨਹੀਂ ਹੈ।

ਅਸੀਂ ਇਸਦੀ ਪਰਵਾਹ ਕਿਉਂ ਕਰੀਏ? ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਖਤਰਨਾਕ ਸਮੱਗਰੀਆਂ ਨੂੰ ਅਸਾਵਧਾਨੀ ਨਾਲ ਟਾਊਨ ਵਿੱਚ ਨਹੀਂ ਲਿਆਇਆ ਜਾਂਦਾ। ਨਾਲ ਹੀ ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਗਵਾਂਢ ਦੀਆਂ ਪ੍ਰਾਪਰਟੀਜ ਤੇ ਨਕਾਰਾਤਮਕ ਰੂਪ ਨਾਲ ਅਸਰ ਨਹੀਂ ਪੈਂਦਾ, ਜਦੋਂ ਫਿਲ ਨੂੰ ਸੁੱਟਿਆ ਜਾਂ ਢੋਇਆ ਜਾਂਦਾ ਹੈ ਜਾਂ ਜਦੋਂ ਜ਼ਮੀਨ ਦਾ ਗ੍ਰੇਡ ਬਦਲਿਆ ਜਾਂਦਾ ਹੈ।

ਇਹ ਤੁਹਾਨੂੰ ਯਾਨੀ ਘਰ ਦੇ ਮਾਲਕ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ? ਜੇਕਰ ਤੁਸੀਂ ਆਪਣੀ ਪ੍ਰਾਪਰਟੀ ਵਿੱਚ ਕੋਈ ਵੀ ਫਿਲ ਸ਼ਾਮਲ ਕਰ ਰਹੇ ਹੋ ਤਾਂ ਬਿਹਤਰ ਹੈ ਕਿ ਪਹਿਲਾਂ ਸਾਨੂੰ ਪੁੱਛ ਲਵੋ ਕਿਉਂਕਿ ਤੁਹਾਨੂੰ ਅਜਿਹੀ ਗਤੀਵਿਧੀ ਲਈ ਪਰਮਿਟ ਦੀ ਲੋੜ ਹੋ ਸਕਦੀ ਹੈ। (ਜੇਕਰ ਤੁਸੀਂ ਨਿਆਗਰਾ ਐਸਕਾਰਪਮੈਂਟ ਕਮਿਸ਼ਨ (Niagara Escarpment Commission) ਖੇਤਰ ਵਿੱਚ ਰਹਿੰਦੇ ਹੋ ਜਾਂ ਤੁਹਾਡੀ ਕੁਝ ਪ੍ਰਾਪਰਟੀ ਕਨਜਰਵੇਸ਼ਨ ਅਥੌਰਿਟੀ (Conservation Authority) ਵਿੱਚ ਹੈ ਤਾਂ ਤੁਹਾਨੂੰ ਉਹਨਾਂ ਤੋਂ ਪੁੱਛਣਾ ਚਾਹੀਦਾ ਹੈ। ਇਸ ਕਿਤਾਬੜੀ ਦਾ ਆਖਰੀ ਭਾਗ ਦੇਖੋ।)

ਧਿਆਨ ਵਿੱਚ ਰੱਖੋ ਕਿ ਇਹ ਯਕੀਨੀ ਬਣਾਉਣ ਲਈ ਫਿਲ ਸਾਫ ਅਤੇ ਟੈਸਟ ਕੀਤੀ ਹੋਣੀ ਚਾਹੀਦੀ ਹੈ ਕਿ ਇਸ ਵਿੱਚ ਦੂਸ਼ਤ ਪਦਾਰਥ ਨਹੀਂ ਹਨ। ਜੇਕਰ ਲੋਡ ਖਾਸ ਤੌਰ ਤੇ ਭਾਰੀ ਹਨ, ਤਦ ਵੀ ਤੁਹਾਨੂੰ ਆਪਣੀਆਂ ਲੋਕਲ ਸੜਕਾਂ ਤੇ ਸਮੱਗਰੀ ਦੀ ਢੁਆਈ ਲਈ ਪਰਮਿਟ ਦੀ ਲੋੜ ਹੋ ਸਕਦੀ ਹੈ।

ਵਧੇਰੇ ਜਾਣਕਾਰੀ, caledon.ca/fill ਤੇ ਲਵੋ



ਘਾਹ

ਤੁਹਾਡੇ ਲਾਅਨ ਦੀ ਚੰਗੀ ਦੇਖਭਾਲ, ਤੁਹਾਡੇ ਗਵਾਂਢ ਦੇ ਰੰਗ-ਰੂਪ ਨੂੰ ਬਿਹਤਰ ਬਣਾਉਂਦੀ ਹੈ ਅਤੇ ਖੇਤਰ ਵਿੱਚ ਕੀੜਿਆਂ ਅਤੇ ਦੂਜੇ ਹਾਨੀਕਾਰਕ ਜੀਵਾਂ ਨੂੰ ਆਉਣ ਤੋਂ ਰੋਕਣ ਵਿੱਚ ਮਦਦ ਕਰਦੀ ਹੈ। ਨਾਲ ਹੀ, ਤੁਹਾਡੇ ਲਾਅਨ ਨੂੰ ਸਾਫ-ਸੁਥਰਾ ਰੱਖਣ ਦੇ ਸਿਹਤ ਸਬੰਧੀ ਫਾਇਦੇ ਹਨ, ਜਿਵੇਂ ਵਧਿਆ ਹੋਇਆ/ਬੀਜਦਾਰ ਘਾਹ ਅਤੇ ਘਾਹ-ਫੂਸ ਐਲਰਜੀਆਂ ਵਧਾ ਸਕਦੇ ਹਨ।

ਕੈਲਡਨ ਵਿੱਚ ਸਾਡੇ ਸਟੈਂਡਰਡਾਂ ਮੁਤਾਬਕ ਘਾਹ ਅਤੇ ਘਾਹ-ਫੂਸ 8 ਇੰਚ ਜਾਂ 20 ਸੈਂ.ਮੀ. ਤੋਂ ਲੰਮਾ ਨਹੀਂ ਹੋਣਾ ਚਾਹੀਦਾ। ਜਿੱਥੇ ਇਹ ਸਟੈਂਡਰਡ ਪੂਰੇ ਨਹੀਂ ਹੁੰਦੇ, ਉੱਥੇ ਟਾਊਨ ਲਾਅਨ ਨੂੰ ਕੱਟ ਕੇ ਇਸਦਾ ਖਰਚਾ ਪ੍ਰਾਪਰਟੀ ਮਾਲਕ ਤੇ ਪਾ ਸਕਦਾ ਹੈ।



ਸੈਪਟਿਕ ਸਿਸਟਮ

ਜ਼ਿਆਦਾਤਰ ਪੇਂਡੂ ਪ੍ਰਾਪਰਟੀਜ ਵਿੱਚ ਟੱਬਾਂ, ਪਖਾਨਿਆਂ ਅਤੇ ਸਿੰਕਾਂ ਵਿੱਚੋਂ ਘਰੇਲੂ ਗੰਦੇ ਪਾਣੀ ਦੇ ਨਿਪਟਾਰੇ ਲਈ ਸੈਪਟਿਕ ਟੈਂਕ ਵਰਤੇ ਜਾਂਦੇ ਹਨ। ਖਰਾਬ ਦੇਖਭਾਲ ਵਾਲਾ ਸੈਪਟਿਕ ਸਿਸਟਮ ਖੂਹਾਂ ਅਤੇ ਨੇੜਲੇ ਸੂਇਆਂ ਨੂੰ ਦੂਸ਼ਤ ਕਰ ਸਕਦਾ ਹੈ।

ਇਸਤੋਂ ਬਚਣ ਲਈ, ਆਪਣੇ ਟੈਂਕ ਨੂੰ ਹਰੇਕ ਤਿੰਨ ਸਾਲਾਂ ਵਿੱਚ ਪੰਪ ਕਰੋ, ਆਪਣੀਆਂ ਨਾਲੀਆਂ ਵਿੱਚ ਤੇਜ਼ ਕਲੀਨਰ ਨਾ ਪਾਓ ਅਤੇ ਸਮੱਸਿਆ ਦੇ ਚਿੰਨ੍ਹਾਂ ਦੀ ਨਿਗਰਾਨੀ ਰੱਖੋ, ਜਿਵੇਂ:

- ਬਾਹਰ ਡੁੱਲ੍ਹਦੀਆਂ ਨਾਲੀਆਂ;
- ਲੀਚਿੰਗ ਬੈੱਡ ਤੇ ਪੂਲਿੰਗ ਪਾਣੀ;
- ਅੰਦਰ ਜਾਂ ਬਾਹਰ ਸੀਵਰ ਦੀ ਤੇਜ਼ ਮੁਸ਼ਕ ਅਤੇ/ਜਾਂ
- ਤੁਹਾਡੇ ਖੂਹ ਦੇ ਪਾਣੀ ਵਿੱਚ ਬੈਕਟੀਰੀਆ ਜਾਂ ਨਾਈਟ੍ਰੇਟ ਦੇ ਵੱਧ ਲੈਵਲ।

ਸ਼ੈੱਡ

ਟਾਊਨ ਔਫ ਕੈਲਡਨ ਵਿੱਚ ਇੱਕ ਸਟੋਰੇਜ ਸ਼ੈੱਡ ਨੂੰ "ਐਕਸੈਸਰੀ ਸਟ੍ਰਕਚਰ" ਮੰਨਿਆ ਜਾਂਦਾ ਹੈ।

ਉਸਦਾ ਤੁਹਾਡੇ ਯਾਨੀ ਮਕਾਨ ਮਾਲਕ ਲਈ ਕੀ ਮਤਲਬ ਹੈ? ਇਹ ਬਹੁਤ ਵਧੀਆ ਸਵਾਲ ਹੈ!

ਖੁਸ਼ਖਬਰੀ: ਤੁਸੀਂ ਆਪਣੇ ਪਿਛਲੇ ਜਾਂ ਸਾਈਡ ਯਾਰਡ ਵਿੱਚ ਐਕਸੈਸਰੀ ਸਟ੍ਰਕਚਰ ਬਣਾ ਸਕਦੇ ਹੋ। ਤੁਹਾਨੂੰ ਪਰਮਿਟ ਦੀ ਲੋੜ ਨਹੀਂ ਹੈ, ਜੇਕਰ ਫੁੱਟਪ੍ਰਿੰਟ 10 ਵਰਗ ਮੀ. (107.6 ਵਰਗ ਫੁੱਟ) ਤੋਂ ਘੱਟ ਹੈ ਨਾਲ ਹੀ, ਇਸ ਵਿੱਚ ਪਲੰਬਿੰਗ ਨਹੀਂ ਹੈ। (ਜੇਕਰ ਸ਼ੈੱਡ ਵਿੱਚ ਪਲੰਬਿੰਗ ਹੈ, ਤਾਂ ਪਰਮਿਟ ਜ਼ਰੂਰੀ ਹੈ, ਭਾਵੇਂ ਅਕਾਰ ਕੋਈ ਵੀ ਹੋਵੇ)।

ਇਸਤੋਂ ਪਹਿਲਾਂ ਕਿ ਤੁਸੀਂ ਆਪਣਾ ਸ਼ੈੱਡ ਲਗਾਓ:

1. ਇਹ ਯਕੀਨੀ ਬਣਾਉਣ ਲਈ ਆਪਣਾ ਪ੍ਰਾਪਰਟੀ ਟਾਈਟਲ ਦੇਖੋ ਕਿ ਕੋਈ ਈਜਮੈਂਟ ਜਾਂ ਹੋਰ ਪਾਬੰਦੀਆਂ ਨਹੀਂ ਹਨ।

2. ਸੈੱਟਬੈਕ ਸ਼ਰਤਾਂ ਦੀ ਪੁਸ਼ਟੀ ਲਈ ਪਲਾਨਿੰਗ (Planning) (x 7338) ਨੂੰ ਸੰਪਰਕ ਕਰੋ।

ਧਿਆਨ ਵਿੱਚ ਰੱਖਣ ਲਈ ਹੋਰ ਗੱਲਾਂ:

- ਜ਼ਿਆਦਾਤਰ ਰਿਹਾਇਸ਼ੀ ਖੇਤਰਾਂ ਲਈ, ਸਟ੍ਰਕਚਰ ਅੰਦਰਲੀ ਸਾਈਡ ਦੀ ਲੌਟ ਲਾਈਨ ਤੋਂ ਘੱਟੋ-ਘੱਟ 1.2 ਮੀ. ਅਤੇ ਪਿਛਲੀ ਲੌਟ ਲਾਈਨ ਤੋਂ 0.6 ਮੀ. ਤੇ ਹੋਣਾ ਲਾਜ਼ਮੀ ਹੈ।
- ਮੁਹਰਲੇ ਜਾਂ ਬਾਹਰਲੀ ਸਾਈਡ ਦੇ ਯਾਰਡ ਵਿੱਚ ਐਕਸੈਸਰੀ ਸਟ੍ਰਕਚਰ ਲਗਾਉਣ ਲਈ, ਤੁਹਾਡੇ ਲੌਟ ਦਾ ਅਕਾਰ ਘੱਟੋ-ਘੱਟ 0.4 ਹੈਕਟੇਅਰ ਹੋਣਾ ਲਾਜ਼ਮੀ ਹੈ।
- ਜ਼ਿਆਦਾਤਰ ਰਿਹਾਇਸ਼ੀ ਖੇਤਰਾਂ ਵਿੱਚ ਸਟ੍ਰਕਚਰ 4.5 ਮੀ. ਤੋਂ ਵੱਧ ਲੰਮੇ ਨਹੀਂ ਹੋਣੇ ਚਾਹੀਦੇ। ਐਸਟੇਟ ਰਿਹਾਇਸ਼ੀ ਪ੍ਰਾਪਰਟੀਜ ਵਿੱਚ, ਉਹਨਾਂ ਦੀ ਉੱਚਾਈ 6 ਮੀ. ਤੱਕ ਹੋ ਸਕਦੀ ਹੈ।)

ਜੇਕਰ ਤੁਹਾਡੇ ਕੋਈ ਸਵਾਲ ਹਨ, ਤਾਂ ਬਿਲਡਿੰਗ ਸਰਵਿਸਿਜ (Building Services) ਨੂੰ 905-584-2272 x 2233 ਤੇ ਸੰਪਰਕ ਕਰੋ ਜਾਂ building@caledon.ca ਤੇ ਈਮੇਲ ਕਰੋ।

ਰੁੱਖ

ਸਫਾਈ ਨਾਲ ਕੱਟ ਕੇ ਛੋਟੇ ਕੀਤੇ ਗਏ ਰੁੱਖ, ਘੇਰੇ ਅਤੇ ਝਾੜੀਆਂ, ਗਵਾਂਢ ਦੇ ਰੰਗ-ਰੂਪ ਨੂੰ ਨਿਖਾਰ ਸਕਦੀਆਂ ਹਨ।

ਪ੍ਰਾਪਰਟੀ ਲਾਈਨਾਂ ਦੇ ਨੇੜੇ ਕੱਟੇ

ਤੁਹਾਡੀ ਪ੍ਰਾਪਰਟੀ ਤੇ ਰੁੱਖਾਂ ਜਾਂ ਵੱਡੇ ਪੌਦਿਆਂ ਲਈ, ਉਹਨਾਂ ਨੂੰ ਵਿਵਸਥਿਤ ਰੱਖਣਾ ਆਮ ਤੌਰ ਤੇ ਅਸਾਨ ਹੁੰਦਾ ਹੈ।

ਪਰੰਤੂ ਜੇਕਰ ਤੁਹਾਡੇ ਗਵਾਂਢ ਦੀ ਪ੍ਰਾਪਰਟੀ ਤੇ ਕੋਈ ਰੁੱਖ ਜਾਂ ਕੋਈ ਹੋਰ ਪੌਦਾ ਤੁਹਾਡੀ ਪ੍ਰਾਪਰਟੀ ਵਿੱਚ ਦਾਖਲ ਹੋ ਰਿਹਾ ਹੋਵੇ ਜਾਂ ਲਟਕਿਆ ਹੋਵੇ ਤਾਂ ਕੀ ਕਰਨਾ ਚਾਹੀਦਾ ਹੈ? ਇਸਨੂੰ ਪ੍ਰਾਪਰਟੀ ਲਾਈਨ ਤੱਕ ਛੋਟਾ ਕੀਤਾ ਜਾ ਸਕਦਾ ਹੈ, ਜਦੋਂ ਤੱਕ ਇਸ ਨਾਲ ਪੌਦੇ ਨੂੰ ਨੁਕਸਾਨ ਨਾ ਪਹੁੰਚੇ?

ਜੇਕਰ ਤੁਹਾਨੂੰ ਪੱਕਾ ਪਤਾ ਨਾ ਹੋਵੇ ਕਿ ਕਿੰਨਾ ਕੱਟਣਾ ਹੈ ਤਾਂ ਕੀ ਕਰਨਾ ਚਾਹੀਦਾ ਹੈ?

ਇਹ ਅਜਿਹੀ ਸਥਿਤੀ ਹੁੰਦੀ ਹੈ, ਜਿੱਥੇ ਅਸੀਂ ਸਲਾਹ ਦਿੰਦੇ ਹਾਂ ਕਿ ਗਵਾਂਢੀ ਇਕੱਠੇ ਮਿਲਕੇ ਕੰਮ ਕਰਨ, ਕਿਉਂਕਿ ਟਾਊਨ ਇਸ ਤਰ੍ਹਾਂ ਦੀਆਂ ਸਥਿਤੀਆਂ ਵਿੱਚ ਨਹੀਂ ਦਖਲ ਨਹੀਂ ਦਿੰਦਾ।

ਰੁੱਖਾਂ ਨੂੰ ਹਟਾਉਣਾ

ਆਪਣੀ ਪ੍ਰਾਪਰਟੀ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਲਈ, ਪ੍ਰਾਈਵੇਟ ਪ੍ਰਾਪਰਟੀ ਤੇ ਕਿਸੇ ਵੀ ਸੁੱਕੇ, ਸੜੇ ਜਾਂ ਬੇਹੱਦ ਖਰਾਬ ਰੁੱਖ ਜਾਂ ਟਹਿਣੀ ਨੂੰ, ਜੇ ਖਤਰਾ ਪੈਦਾ ਕਰ ਸਕਦੀ ਹੋਵੇ, ਤੁਰੰਤ ਹਟਾ ਦੇਣਾ ਲਾਜ਼ਮੀ ਹੈ। ਜੇਕਰ ਤੁਸੀਂ ਪਬਲਿਕ ਜ਼ਮੀਨਾਂ ਤੇ ਖਤਰਨਾਕ ਰੁੱਖ ਦੇਖੋ ਤਾਂ ਕਿਰਪਾ ਕਰਕੇ ਟਾਊਨ ਨੂੰ ਸੰਪਰਕ ਕਰੋ।

ਪ੍ਰਾਈਵੇਟ ਪ੍ਰਾਪਰਟੀ ਤੇ ਸਿੰਗਲ ਰੁੱਖਾਂ ਨੂੰ ਵੀ ਬਿਨਾਂ ਪਰਮਿਟ ਦੇ ਕੱਟਿਆ ਜਾ ਸਕਦਾ ਹੈ, ਜਦੋਂ ਤੱਕ ਕਿ ਉਹ ਵੱਡੇ ਸਮੂਹ ਦਾ ਹਿੱਸਾ ਨਾ ਹੋਣ (20 ਜਾਂ ਵੱਧ ਰੁੱਖ), ਜਿਸਨੂੰ ਜੰਗਲੀ ਇਲਾਕਾ ਮੰਨਿਆ ਜਾ ਸਕਦਾ ਹੈ।

ਕੱਟਣ ਤੋਂ ਪਹਿਲਾਂ, ਕਿਰਪਾ ਕਰਕੇ ਇਹ ਪੁਸ਼ਟੀ ਕਰਨ ਲਈ ਸਾਡੇ ਤੋਂ ਪੁੱਛ ਲਵੋ ਕਿ ਕੀ ਤੁਹਾਡੀ ਪ੍ਰਾਪਰਟੀ ਨਿਯਤ ਜੰਗਲੀ ਇਲਾਕੇ ਦਾ ਹਿੱਸਾ ਹੈ।

ਜੇਕਰ ਤੁਹਾਡੀ ਪ੍ਰਾਪਰਟੀ ਕਨਜਰਵੇਸ਼ਨ ਅਥੌਰਿਟੀ ਜਾਂ ਨਿਆਗਰਾ ਐਨਕਾਰਪਮੈਂਟ ਕਮਿਸ਼ਨ ਅੰਦਰ ਆਉਂਦੀ ਹੈ, ਤਾਂ ਕਿਰਪਾ ਕਰਕੇ ਰੁੱਖ ਹਟਾਉਣ ਤੋਂ ਪਹਿਲਾਂ ਉਹਨਾਂ ਨਾਲ ਮਸ਼ਵਰਾ ਕਰੋ (ਇਸ ਕਿਤਾਬਝੀ ਦਾ ਆਖਰੀ ਭਾਗ ਦੇਖੋ)।

ਟਾਊਨ ਦੀਆਂ ਜ਼ਮੀਨਾਂ ਤੇ ਰੁੱਖ, ਝਾੜੀਆਂ ਅਤੇ ਹੋਰ ਕੁਦਰਤੀ ਬਨਸਪਤੀ ਨੂੰ ਹਟਾਇਆ ਜਾਂ ਛੇੜਿਆ ਨਹੀਂ ਜਾਣਾ ਚਾਹੀਦਾ। ਅਕਸਰ ਉਹ ਅਜਿਹੇ ਖੇਤਰਾਂ ਵਿੱਚ ਹੁੰਦੇ ਹਨ, ਜੋ ਵਾਤਾਵਰਣ ਸਬੰਧੀ ਉਦੇਸ਼ਾਂ ਲਈ ਸੁਰੱਖਿਅਤ ਹਨ।

ਵਾਹਨ

ਲਾਵਾਰਸ ਵਾਹਨ ਬਦਸੂਰਤ ਹੋ ਸਕਦੇ ਹਨ -- ਅਤੇ ਜੇਕਰ ਉਹਨਾਂ ਨੂੰ ਸਾਮ੍ਹਣੇ ਹੀ ਰੱਖ ਦਿੱਤਾ ਜਾਵੇ ਤਾਂ ਉਹ ਗਵਾਂਢ ਦਾ ਪੂਰਾ ਰੰਗ-ਰੂਪ ਵਿਗਾੜ ਸਕਦੇ ਹਨ।

ਇਸ ਤਰ੍ਹਾਂ ਦੇ ਵਾਹਨਾਂ ਬਾਰੇ ਟਾਊਨ ਦੀਆਂ ਗਾਈਡਲਾਈਨਾਂ ਹਨ।

“ਲਾਵਾਰਸ” ਦਾ ਕੀ ਮਤਲਬ ਹੈ?

ਲਾਵਾਰਸ ਵਾਹਨ (ਕਿਸ਼ਤੀਆਂ ਅਤੇ ਟ੍ਰੇਲਰਾਂ ਸਮੇਤ) ਵਿੱਚ ਲਾਇਸੈਂਸਸ਼ੁਦਾ ਜਾਂ ਬਿਨਾਂ ਲਾਇਸੈਂਸ ਵਾਲਾ ਵਾਹਨ ਸ਼ਾਮਲ ਹੋ ਸਕਦਾ ਹੈ, ਜੋ ਵਰਤੋਂ ਵਿੱਚ ਨਾ ਹੋਵੇ, ਟੁੱਟਿਆ-ਭੱਜਿਆ ਹੋਵੇ, ਮੁਰੰਮਤ ਕਰਨ ਯੋਗ ਨਾ ਹੋਵੇ ਜਾਂ ਉਸਦੇ ਪੁਰਜੇ ਗਾਇਬ ਹੋਣ ਅਤੇ ਉਸਨੂੰ ਪੂਰੀ ਤਰ੍ਹਾਂ ਚਲਾਇਆ ਨਾ ਜਾ ਸਕੇ।

ਹੇਠਾਂ ਦਿੱਤਾ ਗਿਆ ਹੈ ਕਿ ਤੁਹਾਨੂੰ ਕੀ ਜਾਣਨ ਦੀ ਲੋੜ ਹੈ:

- ਲਾਵਾਰਸ ਅਤੇ ਬਿਨਾਂ ਲਾਇਸੈਂਸ ਵਾਲੇ ਵਾਹਨਾਂ ਨੂੰ ਯਾਰਡ ਵਿੱਚ ਜਾਂ ਪ੍ਰਾਪਰਟੀ ਤੇ ਸਾਮ੍ਹਣੇ ਹੀ ਨਹੀਂ ਰੱਖਿਆ ਜਾ ਸਕਦਾ।
- ਉਹਨਾਂ ਨੂੰ ਕਿਸੇ ਬੰਦ ਬਿਲਡਿੰਗ (ਜਿਵੇਂ ਕਿ ਗੈਰਾਜ) ਨੂੰ ਲੋਕਾਂ ਦੀਆਂ ਨਜ਼ਰਾਂ ਤੋਂ ਦੂਰ ਰੱਖਿਆ ਜਾ ਸਕਦਾ ਹੈ।
- ਖੇਤੀ ਸਬੰਧੀ ਜਾਰੀ ਕੰਮਾਂ ਵਾਲੇ ਖੇਤੀ ਵਾਹਨਾਂ ਨੂੰ ਖੁੱਲ੍ਹੇ ਵਿੱਚ ਖੜ੍ਹਾ ਕੀਤਾ ਜਾ ਸਕਦਾ ਹੈ।

ਘਾਹ-ਫੂਸ

ਜੇਕਰ ਤੁਸੀਂ ਪਬਲਿਕ ਪ੍ਰਾਪਰਟੀ ਤੇ ਵੱਡੀ-ਵੱਡੀ ਹੌਂਗ ਵੀਡ ਦੇਖੇ ਤਾਂ ਸਾਨੂੰ ਦੱਸੋ ਅਤੇ ਅਸੀਂ ਇਸਨੂੰ ਹਟਾਵਾਂਗੇ। ਹਾਲਾਂਕਿ, ਪ੍ਰਾਈਵੇਟ ਪ੍ਰਾਪਰਟੀ ਤੇ, ਵੱਡੀ-ਵੱਡੀ ਹੌਂਗ ਵੀਡ ਨੂੰ ਹਟਾਉਣਾ ਘਰ ਦੇ ਮਾਲਕ ਦੀ ਜ਼ਿੰਮੇਵਾਰੀ ਹੈ।

ਅਸੀਂ ਸਲਾਹ ਦਿੰਦੇ ਹਾਂ ਕਿ ਤੁਸੀਂ ਸੁਰੱਖਿਅਤ ਰੂਪ ਨਾਲ ਵੱਡੀ-ਵੱਡੀ ਹੌਂਗ ਵੀਡ ਨੂੰ ਹਟਾਉਣ ਲਈ ਪੇਸ਼ੇਵਰ ਨੂੰ ਕੰਮ ਤੇ ਰੱਖੋ।

ਵੱਡੀ-ਵੱਡੀ ਹੌਂਗ ਵੀਡ ਬਾਰੇ ਵਧੇਰੇ ਜਾਣਕਾਰੀ, ਰੀਜਨ ਔਫ ਪੀਲ ਦੀ ਵੈਬਸਾਈਟ ਤੇ ਲਵੋ: peelregion.ca.

ਸਧਾਰਨ ਤੌਰ ਤੇ ਹਾਨੀਕਾਰਕ ਘਾਹ-ਫੂਸ ਬਾਰੇ ਵਧੇਰੇ ਜਾਣਕਾਰੀ ਲਈ, ਓਨਟੈਰੀਓ ਮਿਨਿਸਟਰੀ ਔਫ ਐਗਰੀਕਲਚਰ, ਫੂਡ ਐਂਡ ਰੂਰਲ ਅਫੇਅਰਸ (Ontario Ministry of Agriculture, Food and Rural Affairs) (OMAFRA) ਨੂੰ 1-877-424-1300 ਤੇ ਸੰਪਰਕ ਕਰੋ ਜਾਂ weedinfo.ca ਤੇ ਜਾਓ।

ਜੇਕਰ ਤੁਹਾਨੂੰ ਟਾਊਨ ਔਫ ਕੈਲਡਨ ਵਿੱਚ ਕਿਸੇ ਵੀ ਤਰ੍ਹਾਂ ਦਾ ਘਾਹ-ਫੂਸ ਦਿਖਾਈ ਦੇਵੇ, ਜੋ ਤੁਹਾਨੂੰ ਹਾਨੀਕਾਰਕ ਲੱਗੇ ਤਾਂ ਕਿਰਪਾ ਕਰਕੇ ਸਾਨੂੰ ਦੱਸੋ। ਅਸੀਂ ਇਹ ਯਕੀਨੀ ਬਣਾਉਣ ਲਈ ਜਾਂਚ ਕਰਾਂਗੇ ਕਿ -- ਕੀ ਉਹ ਹਾਨੀਕਾਰਕ ਹੈ -- ਉਸਨੂੰ ਹਟਾ ਦਿੱਤਾ ਜਾਵੇਗਾ।



ਖੂਹ

ਕਈ ਪ੍ਰਾਪਰਟੀਜ ਖੂਹਾਂ ਤੋਂ ਆਪਣਾ ਖੁਦ ਦਾ ਪਾਣੀ ਪ੍ਰਾਪਤ ਕਰਦੀਆਂ ਹਨ ਅਤੇ ਜੇਕਰ ਉਹ ਦੂਸ਼ਤ ਹੋ ਜਾਣ ਤਾਂ ਇਹ ਇੱਕੋ ਐਕਵੀਫਾਇਰ ਸਾਂਝਾ ਕਰਨ ਕਰਕੇ ਦੂਜੇ ਖੂਹਾਂ ਤੇ ਅਸਰ ਪਾ ਸਕਦਾ ਹੈ। ਦੂਸ਼ਤ ਹੋਣ ਤੋਂ ਰੋਕਣ ਲਈ, ਕਦੇ ਵੀ ਕਿਸੇ ਖੂਹ ਦੇ ਨੇੜੇ ਕੀੜੇਮਾਰ ਦਵਾਈਆਂ ਜਾਂ ਸੜਕ ਤੇ ਪਾਉਣ ਵਾਲਾ ਨਮਕ ਨਾ ਵਰਤੋ, ਸਾਲ ਵਿੱਚ ਘੱਟੋ-ਘੱਟ ਤਿੰਨ ਵਾਰ ਪਾਣੀ ਨੂੰ ਟੈਸਟ ਕਰੋ ਅਤੇ ਇੱਕ ਲਾਇਸੈਂਸਸ਼ੁਦਾ ਖੂਹ ਕਾਂਟਰੈਕਟਰ ਤੋਂ ਚੰਗੀ ਤਰ੍ਹਾਂ ਜਾਂਚ ਕਰਵਾਓ।

ਨੋਟਸ



ਸੜਕਾਂ ਅਤੇ ਸਾਈਡਵਾਕਸ

ਸਾਡੀਆਂ ਸੜਕਾਂ ਅਤੇ ਸਟ੍ਰੀਟਸ ਸਾਨੂੰ ਇੱਕ-ਦੂਜੇ ਨਾਲ ਅਤੇ ਸਾਡੇ ਕਾਰਜਸਥਾਨਾਂ, ਗ੍ਰੀਨ ਥਾਵਾਂ, ਗ੍ਰੋਸਰੀ ਸਟੋਰਾਂ, ਬਾਲ ਦੇਖਭਾਲ ਕੇਂਦਰਾਂ ਅਤੇ ਬਹੁਤ ਸਾਰੀਆਂ ਹੋਰ ਥਾਵਾਂ ਨਾਲ ਜੋੜਦੀਆਂ ਹਨ। ਉਹਨਾਂ ਦੀ ਦੇਖਭਾਲ ਕਰਨਾ ਅਤੇ ਉਹਨਾਂ ਦੀ ਵਰਤੋਂ ਕਰਨ ਵੇਲੇ ਸਾਡੀਆਂ ਜ਼ਿੰਮੇਵਾਰੀਆਂ ਦਾ ਧਿਆਨ ਰੱਖਣਾ, ਸਾਡੀ ਕਮਿਉਨਿਟੀ ਵਿੱਚ ਸਾਡੇ ਸਾਰਿਆਂ ਲਈ ਇੱਕ ਮਹੱਤਵਪੂਰਣ ਕੰਮ ਹੈ।

ਸੜਕਾਂ ਬੇਹੱਦ ਮਹੱਤਵਪੂਰਣ ਹਨ: ਅਸੀਂ ਉਹਨਾਂ ਦੀ ਵਰਤੋਂ ਕੰਮ ਤੇ ਜਾਣ, ਛੋਟੇ-ਮੋਟੇ ਕੰਮ ਕਰਨ, ਸਮਾਨ ਭੇਜਣ ਜਾਂ ਘੁੰਮਣ ਲਈ ਕਰਦੇ ਹਾਂ। ਸਾਡੇ ਫਾਇਰ, ਪੁਲਿਸ ਅਤੇ ਐਂਬੂਲੈਂਸ ਡ੍ਰਾਈਵਰ, ਐਮਰਜੈਂਸੀ ਦੀਆਂ ਸਥਿਤੀਆਂ ਵਿੱਚ ਜਲਦੀ ਪਹੁੰਚਣ ਲਈ ਉਹਨਾਂ ਤੇ ਨਿਰਭਰ ਹੁੰਦੇ ਹਨ।

ਕੈਲਡਨ ਵਿੱਚ ਸੜਕਾਂ, ਟਾਊਨ ਔਫ ਕੈਲਡਨ, ਰੀਜਨ ਔਫ ਪੀਲ ਅਤੇ ਓਨਟੈਰੀਓ ਸੂਬੇ (Province of Ontario) ਵਿਚਕਾਰ ਸਾਂਝੀ ਜ਼ਿੰਮੇਵਾਰੀ ਹਨ।

- ਟਾਊਨ 1,600 ਕਿ.ਮੀ. ਤੋਂ ਵੱਧ ਸੜਕਾਂ ਨੂੰ ਸੰਭਾਲਦਾ ਹੈ (120 ਕਿ.ਮੀ. ਤੋਂ ਵੱਧ ਬਜਰੀ ਦੀਆਂ ਸੜਕਾਂ ਸਮੇਤ)। caledon.ca/roads
- ਰੀਜਨ ਵੱਡੇ ਮਾਰਗਾਂ ਲਈ ਜ਼ਿੰਮੇਵਾਰ ਹੈ, ਜਿਵੇਂ ਹਾਈਵੇ 50 (Highway 50) (RR 50), ਚਾਰਲਸਟੇਨ ਸਾਈਡਰੋਡ (Charleston Sideroad) (RR 24), ਡਿਕਸੀ ਰੋਡ (Dixie Road) (RR 4), ਓਲਡ ਬੇਸ ਲਾਈਨ ਰੋਡ (Olde Base Line Road) (RR 12) ਅਤੇ ਕਿੰਗ ਸਟ੍ਰੀਟ (King Street) (RR 9)। peelregion.ca/pw/transportation
- ਸੂਬਾ ਪ੍ਰੋਵਿੰਸੀਅਲ ਹਾਈਵੇ ਦੀ ਦੇਖਭਾਲ ਕਰਦਾ ਹੈ, ਜਿਵੇਂ ਹਾਈਵੇ 10 (ਹੁਰੋਨਟੈਰੀਓ ਸਟ੍ਰੀਟ) (Highway 10) (Hurontario Street) ਅਤੇ ਸਾਡੇ ਉੱਤਰੀ ਬਾਰਡਰ ਦੇ ਨਾਲ ਲੱਗਦਾ ਹਾਈਵੇ 9 (Highway 9)। 511.on.ca

ਬੁਲੇਵਾਰਡਸ

ਬੁਲੇਵਾਰਡ ਕੀ ਹੈ ਅਤੇ ਇਹ ਕਿਉਂ ਮਹੱਤਵਪੂਰਣ ਹਨ?

ਘਰ ਦੇ ਮਾਲਕ ਪੱਖੋਂ, ਬੁਲੇਵਾਰਡ ਤੁਹਾਡੀ ਪ੍ਰਾਪਰਟੀ ਲਾਈਨ ਅਤੇ ਸਟ੍ਰੀਟ ਵਿਚਕਾਰਲੀ ਜ਼ਮੀਨ ਦੀ ਇੱਕ ਪਤਲੀ ਪੱਟੀ ਹੈ, ਤੁਹਾਡੇ ਡ੍ਰਾਈਵਵੇ ਦੇ ਅੰਤ ਸਮੇਤ, ਜਿੱਥੇ ਇਹ ਸਟ੍ਰੀਟ ਨਾਲ ਜੁੜਦੀ ਹੈ।

ਆਮ ਤੌਰ ਤੇ, ਜਿੱਥੇ ਵੀ ਤੁਹਾਨੂੰ ਸਾਈਡਵਾਕ, ਸਟ੍ਰੀਟ ਲਾਈਟਾਂ, ਯੂਟੀਲਿਟੀ ਬੌਕਸ ਜਾਂ ਫਾਇਰ ਹਾਈਡ੍ਰੈਂਟਸ ਦਿਖਾਈ ਦੇਣ, ਉਹ ਬੁਲੇਵਾਰਡ ਤੇ ਸਥਿਤ ਹੁੰਦੇ ਹਨ। (ਜੇਕਰ ਤੁਹਾਨੂੰ ਪੱਕਾ ਪਤਾ ਨਹੀਂ ਹੈ ਤਾਂ ਆਪਣਾ ਪ੍ਰਾਪਰਟੀ ਸਰਵੇਖਣ ਦੇਖੋ।)

ਬੁਲੇਵਾਰਡ ਬਾਰੇ ਜਾਣਨ ਲਈ ਸਭ ਤੋਂ ਮਹੱਤਵਪੂਰਣ ਗੱਲ ਹੈ ਇਹ ਕਿ ਇਹ ਤੁਹਾਡੀ ਪ੍ਰਾਪਰਟੀ ਦਾ ਹਿੱਸਾ ਨਹੀਂ ਹੈ। ਇਹ ਅਸਲ ਵਿੱਚ ਟਾਊਨ (ਜਾਂ ਰੀਜਨ, ਇਹ ਇਸਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿੱਥੇ ਰਹਿੰਦੇ ਹੋ) ਦੀ ਮਲਕੀਅਤ ਹੈ।

ਜੇਕਰ ਤੁਸੀਂ ਆਪਣੀ ਪ੍ਰਾਪਰਟੀ ਵਿੱਚ ਮੁਰੰਮਤ ਕਰਵਾਉਣ ਬਾਰੇ ਸੋਚ ਰਹੇ ਹੋ -- ਜਿਵੇਂ ਪੌਦੇ ਲਗਾਉਣਾ, ਆਪਣੇ ਡ੍ਰਾਈਵਵੇ ਨੂੰ ਬਦਲਣਾ, ਵਾੜ ਲਗਾਉਣਾ ਜਾਂ ਰਿਟੇਨਿੰਗ ਕੰਧ ਬਣਾਉਣਾ -- **ਤਾਂ ਬੁਲੇਵਾਰਡ ਨੂੰ ਨਾ ਬਦਲੋ।**

ਕਿਉਂ?

ਸਮੇਂ-ਸਮੇਂ ਤੇ ਟਾਊਨ (ਜਾਂ ਇਸਦੇ ਕਾਂਟਰੈਕਟਰ) ਨੂੰ ਇੰਫਰਾਸਟ੍ਰਕਚਰ ਇੰਸਟਾਲ ਜਾਂ ਮੁਰੰਮਤ ਕਰਨ ਲਈ ਬੁਲੇਵਾਰਡ ਤੱਕ ਪਹੁੰਚ ਦੀ ਲੋੜ ਹੋ ਸਕਦੀ ਹੈ। ਜੇਕਰ ਉੱਥੇ ਉਸਾਰੀ ਗਤੀਵਿਧੀ ਹੁੰਦੀ ਹੈ ਤਾਂ ਬੁਲੇਵਾਰਡ ਨੂੰ ਇਸਦੀ ਅਸਲੀ ਸਥਿਤੀ ਵਿੱਚ ਸਥਾਪਤ ਕੀਤਾ ਜਾਵੇਗਾ।

ਜੇਕਰ ਤੁਸੀਂ ਬੁਲੇਵਾਰਡ ਨੂੰ ਬਦਲਦੇ, ਨੁਕਸਾਨ ਪਹੁੰਚਾਉਂਦੇ ਜਾਂ ਰੁਕਾਵਟ ਪਾਉਂਦੇ ਹੋ, ਤਾਂ ਤੁਹਾਨੂੰ ਇਸਨੂੰ ਇਸਦੀ ਅਸਲੀ ਸਥਿਤੀ ਵਿੱਚ ਸਥਾਪਤ ਕਰਨਾ ਪਵੇਗਾ।

ਦਿਖਾਈ ਦੇਣ ਪੱਖੋਂ, ਬੁਲੇਵਾਰਡ ਸਟ੍ਰੀਟਸਕੇਪ ਲਈ ਬੇਹੱਦ ਮਹੱਤਵਪੂਰਣ ਹੈ। ਇਸਨੂੰ ਸਾਫ-ਸੁਥਰਾ ਰੱਖਣ -- ਦੀ ਨਾ ਸਿਰਫ ਇਜਾਜ਼ਤ ਹੈ ਬਲਕਿ ਇਸਦੀ ਸ਼ਲਾਘਾ ਕੀਤੀ ਜਾਂਦੀ ਹੈ -- ਉਦਾਹਰਨ ਲਈ ਘਾਹ ਕੱਟਣਾ। ਅਸਲ ਵਿੱਚ, ਅਜਿਹਾ ਕਰਨ ਲਈ ਤੁਹਾਡਾ ਧੰਨਵਾਦ। ਤੁਸੀਂ ਚੰਗੇ ਗਵਾਂਢੀ ਹੋ।

ਕੂੜੇ, ਰਿਸਾਇਕਲਿੰਗ ਅਤੇ ਔਰਗੈਨਿਕਸ ਬਿਨਸ ਨੂੰ ਤੁਹਾਡੇ ਸ਼ੈਡਿਊਲ ਕੀਤੇ ਪਿਕ-ਅੱਪ ਦਿਨ ਤੋਂ ਪਹਿਲੀ ਰਾਤ ਨੂੰ 7 ਵਜੇ ਤੋਂ ਬਾਅਦ ਬੁਲੇਵਾਰਡ ਤੇ ਰੱਖਿਆ ਜਾ ਸਕਦਾ ਹੈ।

ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਪੰਨਾ 24 ਤੇ ਸ਼ੁਰੂ ਕਰਦੇ ਹੋਏ ਡ੍ਰਾਈਵਵੇ ਭਾਗ ਦੇਖੋ।

ਉਸਾਰੀ

ਸਾਡੀਆਂ ਸੜਕਾਂ ਨੂੰ ਸਹੀ ਅਕਾਰ ਵਿੱਚ ਰੱਖਣਾ ਮਹੱਤਵਪੂਰਣ ਹੈ ਅਤੇ ਇਹ ਕਦੇ ਨਾ ਖਤਮ ਹੋਣ ਵਾਲਾ ਕੰਮ ਹੈ।

ਟਾਊਨ ਦੇ ਸਾਲਾਨਾ ਬਜਟ ਦੀ ਵੱਡੀ ਰਕਮ ਨਿਯਮਿਤ ਦੇਖਭਾਲ ਲਈ ਸਮਰਪਿਤ ਹੈ: ਕਟਾਈ ਕਰਨ ਤੋਂ ਲੈ ਕੇ ਗ੍ਰੇਡਿੰਗ ਅਤੇ ਸਨੋ-ਪਲੋਇੰਗ ਤੱਕ ਸਭ ਕੁਝ।

ਇਸਤੋਂ ਵੀ ਵੱਧ ਅਸੀਂ ਸੜਕਾਂ ਦੀ ਮੁਰੰਮਤ, ਸੁਧਾਰ ਕਰਦੇ ਹਾਂ ਜਾਂ ਕਦੇ-ਕਦਾਈਂ ਨਵੀਆਂ ਸੜਕਾਂ ਵੀ ਬਣਾਉਂਦੇ ਹਾਂ।

ਅਸੀਂ ਕਿਵੇਂ ਫੈਸਲਾ ਕਰਦੇ ਹਾਂ ਕਿ ਕਿਹੜੀਆਂ ਸੜਕਾਂ ਤੇ ਕੰਮ ਕਰਨਾ ਹੈ?

ਅਸੀਂ ਨਿਯਮਿਤ ਰੂਪ ਨਾਲ ਸਾਡੀਆਂ ਸੜਕਾਂ ਦੀ ਸਥਿਤੀ ਦਾ ਮੁਲਾਂਕਣ ਕਰਦੇ ਹਾਂ ਅਤੇ ਉਸ ਜਾਣਕਾਰੀ ਤੋਂ, ਅਸੀਂ ਇੱਕ ਲਗਾਤਾਰ ਅੱਪਡੇਟ ਕੀਤਾ ਪੰਜ-ਸਾਲਾ ਪੁਨਰ ਸਥਾਪਨ ਅਨੁਮਾਨ ਵਿਕਸਿਤ ਕਰਦੇ ਹਾਂ।

“ਪੁਨਰ ਸਥਾਪਨ” ਵਿੱਚ ਸ਼ਾਮਲ ਹੈ, ਸੜਕਾਂ ਤੇ ਲੁੱਕ ਦੀ ਬਦਲੀ, ਪਟਰੀ ਦੇ ਕਿਨਾਰੇ ਅਤੇ ਸਾਈਡਵਾਕ ਮੁਰੰਮਤ ਅਤੇ ਸਾਡੀ ਵਿਕਾਸਸ਼ੀਲ ਕਮਿਉਨਿਟੀ ਦੇ ਅਨੁਕੂਲ ਬਣਾਉਣ ਲਈ ਸੜਕਾਂ ਦਾ ਡਿਜ਼ਾਈਨ ਅਤੇ ਉਸਾਰੀ।

ਉਸਾਰੀ ਜਾਰੀ

ਸਾਡੇ ਲਈ ਇਸਦਾ ਮਤਲਬ ਹੈ ਵਾਰ-ਵਾਰ ਅਤੇ ਕਦੇ-ਕਦਾਈਂ ਵੱਡੀ ਉਸਾਰੀ ਗਤੀਵਿਧੀ। ਤੁਹਾਡੇ ਲਈ ਇਸਦਾ ਮਤਲਬ ਕਦੇ-ਕਦੇ ਰੂਟ ਬਦਲਣ ਜਾਂ ਸੜਕਾਂ ਬੰਦ ਹੋਣਾ ਹੋ ਸਕਦਾ ਹੈ, ਜਦੋਂ ਕੰਮ ਹੋ ਰਿਹਾ ਹੋਵੇ।

ਅਸੀਂ ਤੁਹਾਡੇ ਧੀਰਜ ਦੀ ਸ਼ਲਾਘਾ ਕਰਦੇ ਹਾਂ! ਨਾਲ ਹੀ, ਅਸੀਂ ਸਾਡੇ ਸੜਕ ਅਮਲੇ ਨੂੰ ਸੁਰੱਖਿਅਤ ਰੱਖਣ ਵਿੱਚ ਟ੍ਰੈਫਿਕ ਹੌਲੀ ਕਰਨ ਲਈ ਤੁਹਾਡਾ ਧੰਨਵਾਦ ਕਰਦੇ ਹਾਂ, ਜਦੋਂ ਉਹ ਕੰਮ ਤੇ ਹੁੰਦੇ ਹਨ।

ਟਾਊਨ ਔਫ਼ ਕੈਲਡਨ ਦੇ ਸੜਕ ਉਸਾਰੀ ਸਬੰਧੀ ਪ੍ਰੋਜੈਕਟਾਂ ਬਾਰੇ ਵਧੇਰੇ ਜਾਣਕਾਰੀ, caledon.ca/roadconstruction ਤੇ ਲਵੋ। ਰੀਜਨ ਔਫ਼ ਪੀਲ ਦੇ ਪ੍ਰੋਜੈਕਟਾਂ ਲਈ, peelregion.ca/pw/construction/cal ਤੇ ਜਾਓ।

ਮਲਬਾ ਸੁੱਟਣਾ



ਅਫਸੋਸ ਦੀ ਗੱਲ ਹੈ ਕਿ ਕੁਝ ਅਜਿਹੇ ਲੋਕ ਹਨ, ਜਿਹਨਾਂ ਨੇ ਕੈਲਡਨ ਨੂੰ ਆਪਣੀ ਕੂੜਾ ਸੁੱਟਣ ਵਾਲੀ ਥਾਂ ਵਜੋਂ ਵਰਤਿਆ ਹੈ।

ਇਸਨੂੰ ਸਪਸ਼ਟ ਕਰਦੇ ਹਾਂ: ਕਿਸੇ ਵੀ ਤਰ੍ਹਾਂ ਦਾ ਮਲਬਾ ਜਾਂ ਕੂੜਾ ਸੁੱਟਣਾ ਗੈਰ-ਕਨੂੰਨੀ ਹੈ।

ਗੈਰ-ਕਨੂੰਨੀ ਮਲਬਾ ਸੁੱਟਣਾ ਨਾ ਸਿਰਫ ਦੇਖਣ ਵਿੱਚ ਭੈੜਾ ਲੱਗਦਾ ਹੈ। ਜੇਕਰ ਸਮੱਗਰੀਆਂ ਖਤਰਨਾਕ ਹੁੰਦੀਆਂ ਹਨ ਤਾਂ ਇਹ ਲੋਕਾਂ ਦੀ ਸੁਰੱਖਿਆ ਲਈ ਜੋਖਮ ਵੀ ਪੈਦਾ ਕਰ ਸਕਦਾ ਹੈ। ਸਾਡਾ ਕੁਦਰਤੀ ਵਾਤਾਵਰਣ ਵੀ ਖਰਾਬ ਹੋ ਸਕਦਾ ਹੈ। ਨਾਲ ਹੀ, ਸਫਾਈ ਬਹੁਤ ਮਹਿੰਗੀ ਹੋ ਸਕਦੀ ਹੈ।

ਸਾਡੇ ਬਾਇ-ਲਾਅ ਸਖਤ ਹਨ ਅਤੇ ਸਾਡੇ ਐਨਫੋਰਸਮੈਂਟ ਅਫਸਰ ਭਾਰੀ ਜੁਰਮਾਨੇ ਲਗਾ ਸਕਦੇ ਹਨ। ਪਰੰਤੂ ਸਾਨੂੰ ਤੁਹਾਡੀ ਮਦਦ ਦੀ ਲੋੜ ਹੈ।

ਤੁਸੀਂ ਕੀ ਕਰ ਸਕਦੇ ਹੋ? ਜੇਕਰ ਤੁਸੀਂ ਕਿਸੇ ਨੂੰ ਗੈਰ-ਕਨੂੰਨੀ ਢੰਗ ਨਾਲ ਕੂੜਾ ਸੁੱਟਦੇ ਹੋਏ ਦੇਖੋ, ਤਾਂ *OPP* ਦੇ ਗੈਰ-ਐਮਰਜੈਂਸੀ ਟੋਲ-ਫ੍ਰੀ ਨੰਬਰ *1-888-310-1122* ਤੇ ਸੰਪਰਕ ਕਰੋ। ਜੇਕਰ ਤੁਸੀਂ ਕਰ ਸਕੋ ਤਾਂ ਫਿਜੀਕਲ ਅਤੇ ਵਾਹਨ ਦਾ ਵਰਣਨ ਅਤੇ ਸਹੀ ਸਥਾਨ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰੋ। ਜੇਕਰ ਤੁਹਾਨੂੰ ਕੋਈ ਸ਼ੱਕ ਵਾਲੀ ਸਮੱਗਰੀ ਦਿਖਾਈ ਦੇਵੇ, ਤਾਂ ਉਸਨੂੰ ਛੂਹੋ ਨਾ।

ਜੇਕਰ ਤੁਹਾਡੇ ਕੋਲ ਅਜਿਹੀਆਂ ਸਮੱਗਰੀਆਂ ਹਨ, ਜਿਹਨਾਂ ਨੂੰ ਤੁਹਾਡੇ ਨਿਯਮਿਤ ਕੂੜਾ ਇਕੱਤਰੀਕਰਨ ਸ਼ੈਡਿਊਲ ਤੋਂ ਅਲਗ ਨਿਪਟਾਰੇ ਦੀ ਲੋੜ ਹੈ, ਤਾਂ ਉਹਨਾਂ ਨੂੰ ਕਮਿਊਨਿਟੀ ਰਿਸਾਇਕਲ ਸੈਂਟਰ (Community Recycling Centre) ਵਿਖੇ ਲੈ ਜਾਓ। ਵਧੇਰੇ ਜਾਣਕਾਰੀ, peelregion.ca/waste ਤੇ ਲਵੋ।

ਪਾਰਕਿੰਗ

ਪਬਲਿਕ ਸੜਕਾਂ ਤੇ ਪਾਰਕਿੰਗ, ਪੈਦਲ ਚੱਲਣ ਵਾਲਿਆਂ ਅਤੇ ਡ੍ਰਾਈਵਰਾਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਲਈ ਟਾਊਨ ਵੱਲੋਂ ਸੰਭਾਲੀ ਜਾਂਦੀ ਹੈ। ਇਹ ਯਕੀਨੀ ਬਣਾਉਣ ਲਈ ਵੀ ਇਸਨੂੰ ਸੰਭਾਲਿਆ ਜਾਂਦਾ ਹੈ ਕਿ ਪਾਰਕ ਕੀਤੇ ਵਾਹਨ ਸੜਕ ਦੀ ਦੇਖਭਾਲ ਵਿੱਚ ਵਿਘਨ ਨਾ ਪਾਉਣ, ਖਾਸ ਕਰਕੇ ਸਰਦੀ ਦੀ ਬਰਫ ਸਾਫ ਕਰਨ ਲਈ।

ਰਾਤ ਭਰ ਦੀ ਅਤੇ ਵਧਾਈ ਹੋਈ ਪਾਰਕਿੰਗ

ਜੇਕਰ ਤੁਹਾਨੂੰ ਸੜਕ ਤੇ ਆਪਣਾ ਵਾਹਨ ਛੱਡਣ ਦੀ ਲੋੜ ਹੈ, ਤਾਂ ਤੁਸੀਂ ਟਾਊਨ ਦੇ ਪਾਰਕਿੰਗ ਪਾਸ ਪ੍ਰੋਗਰਾਮ (Parking Pass Program) ਦੁਆਰਾ ਇੱਕ ਮੁਫਤ ਅਸਥਾਈ ਪਾਸ ਲੈ ਸਕਦੇ ਹੋ। ਇਸ ਪਾਸ ਤੁਹਾਨੂੰ ਜਾਂ ਤੁਹਾਡੇ ਵਿਜੀਟਰਾਂ ਨੂੰ ਸਵੇਰੇ 2 ਵਜੇ ਤੋਂ 6 ਵਜੇ ਤੱਕ ਅਤੇ ਤਿੰਨ ਘੰਟਿਆਂ ਤੱਕ ਸੜਕ ਮਾਰਗਾਂ ਤੇ ਵਾਹਨ ਪਾਰਕ ਕਰਨ ਦੀ ਇਜਾਜ਼ਤ ਦਿੰਦਾ ਹੈ।

ਕਿਰਪਾ ਕਰਕੇ ਧਿਆਨ ਦਿਓ: ਭਾਵੇਂ ਤੁਹਾਨੂੰ ਪਾਰਕਿੰਗ ਪਾਸ ਮਿਲ ਜਾਵੇ, ਤੁਹਾਨੂੰ ਤਦ ਵੀ ਸੜਕ ਦੇ ਪਾਰਕਿੰਗ ਨਿਯਮਾਂ ਦੀ ਪਾਲਣਾ ਕਰਨੀ ਹੋਵੇਗੀ।

ਉਦਾਹਰਨ ਲਈ, ਪਾਰਕਿੰਗ ਪਾਸ ਤੁਹਾਨੂੰ "ਨੋ ਪਾਰਕਿੰਗ" ਦੇ ਸਾਈਨ ਬੋਰਡ ਵਾਲੇ ਖੇਤਰ ਵਿੱਚ ਜਾਂ ਫਾਇਰ ਹਾਈਡ੍ਰੈਂਟ ਆਦਿ ਦੇ ਸਾਮ੍ਹਣੇ ਤੁਹਾਡਾ ਵਾਹਨ ਪਾਰਕ ਕਰਨ ਦੀ ਇਜਾਜ਼ਤ ਨਹੀਂ ਦਿੰਦਾ।

ਪ੍ਰੋਗਰਾਮ ਜਾਂ ਪਾਰਕਿੰਗ ਪਾਸ ਵਾਸਤੇ ਅਪਲਾਈ ਕਰਨ ਬਾਰੇ ਵਧੇਰੇ ਜਾਣਕਾਰੀ ਲਈ, caledon.ca/parkingpass ਤੇ ਜਾਓ।

ਪਾਰਕਿੰਗ ਸਬੰਧੀ ਆਮ ਸਮੱਸਿਆਵਾਂ

ਕਿਰਪਾ ਕਰਕੇ ਸੜਕ ਮਾਰਗਾਂ ਤੇ ਉਸਾਰੀ ਬਿਨਸ, ਗਤੀਸ਼ੀਲ ਪੌਡਸ ਜਾਂ ਇਹੋ ਜਿਹੀਆਂ ਆਈਟਮਾਂ ਨਾ ਛੱਡੋ, ਕਿਉਂਕਿ ਉਹ ਟ੍ਰੈਫਿਕ ਵਿੱਚ ਰੁਕਾਵਟ ਪੈਦਾ ਕਰ ਸਕਦੀਆਂ ਹਨ ਜਾਂ ਸਾਈਟ ਲਾਈਨਾਂ ਵਿੱਚ ਵਿਘਨ ਪਾ ਸਕਦੀਆਂ ਹਨ। ਵਿਕਲਪ ਵਜੋਂ, ਅਸੀਂ ਤੁਹਾਨੂੰ ਸਲਾਹ ਦਿੰਦੇ ਹਾਂ ਕਿ ਤੁਸੀਂ ਅਸਥਾਈ ਬਿਨਸ ਆਪਣੇ ਡ੍ਰਾਈਵਵੇ ਵਿੱਚ ਰੱਖੋ ਅਤੇ ਆਪਣੇ ਵਾਹਨ(ਨਾਂ) ਨੂੰ ਸੜਕ ਤੇ ਛੱਡਣ ਵਾਸਤੇ ਪਾਰਕਿੰਗ ਪਾਸ ਲਵੋ।


ਕੈਂਪਿੰਗ ਟ੍ਰੇਲਰ ਅਤੇ RV ਨੂੰ ਸੜਕ ਤੇ ਪਾਰਕ ਨਹੀਂ ਕਰਨਾ ਚਾਹੀਦਾ। ਹਾਲਾਂਕਿ, ਤੁਸੀਂ ਕੁਝ ਨੂੰ ਸਮਾਨ ਲੱਦਣ, ਉਤਾਰਨ ਜਾਂ ਸਫਾਈ ਲਈ, ਅਸਥਾਈ ਤੌਰ ਤੇ ਆਪਣੇ ਡ੍ਰਾਈਵਵੇ ਵਿੱਚ ਪਾਰਕ ਕਰ ਸਕਦੇ ਹੋ। ਕੈਂਪਿੰਗ ਟ੍ਰੇਲਰਾਂ ਅਤੇ RV ਬਾਰੇ ਪੂਰੇ ਵੇਰਵਿਆਂ ਲਈ, **ਮੁੱਖ ਪੰਨਾ ਭਾਗ ਦੇਖੋ।**

ਫਾਇਰ ਰੂਟਾਂ ਦੇ ਅੰਦਰ ਪਾਰਕ ਨਾ ਕਰਨ ਨੂੰ ਟਾਊਨ ਵੱਲੋਂ ਸਖਤੀ ਨਾਲ ਲਾਗੂ ਕੀਤਾ ਗਿਆ ਹੈ, ਤਾਂ ਜੋ ਐਮਰਜੈਂਸੀ ਦੀ ਸਥਿਤੀ ਵਿੱਚ ਐਮਰਜੈਂਸੀ ਵਾਹਨ ਬਿਨਾਂ ਕਿਸੇ ਰੁਕਾਵਟ ਦੇ ਪਹੁੰਚ ਸਕਣ। ਕਿਰਪਾ ਕਰਕੇ ਸਾਰਿਆਂ ਨੂੰ ਸੁਰੱਖਿਅਤ ਰੱਖਣ ਵਿੱਚ ਸਾਡੀ ਮਦਦ ਕਰੋ - ਕਿਸੇ ਵੀ ਸਮੇਂ ਫਾਇਰ ਰੂਟ ਵਿੱਚ ਪਾਰਕ ਨਾ ਕਰੋ।

ਪਾਰਕਿੰਗ ਜਾਰੀ

ਪਹੁੰਚਯੋਗ ਪਾਰਕਿੰਗ ਥਾਵਾਂ ਚੱਲਣ ਜਾਂ ਇਹੋ ਜਿਹੀਆਂ ਲੋੜਾਂ ਵਾਲੇ ਲੋਕਾਂ ਲਈ ਮਹੱਤਵਪੂਰਣ ਪਹੁੰਚ ਪ੍ਰਦਾਨ ਕਰਦੀਆਂ ਹਨ। ਇਹਨਾਂ ਥਾਵਾਂ ਵਿੱਚ ਸਿਰਫ ਤਦ ਹੀ ਪਾਰਕ ਕਰੋ, ਜੇਕਰ ਤੁਹਾਡੇ ਕੋਲ, ਜਾਂ ਯਾਤਰੀ ਕੋਲ ਪਹੁੰਚਯੋਗ ਪਾਰਕਿੰਗ ਪਰਮਿਟ ਹੋਵੇ। ਦਿਖਾਈ ਦੇਣ ਵਾਸਤੇ, ਪਰਮਿਟਾਂ ਨੂੰ ਹੇਠਾਂ ਦਿੱਤੇ ਵਾਂਗ ਡਿਸਪਲੇ ਕਰਨਾ ਚਾਹੀਦਾ ਹੈ:

ਪਹੁੰਚਯੋਗ ਪਾਰਕਿੰਗ ਪਾਸ ਵਾਸਤੇ ਅਪਲਾਈ ਕਰਨ ਲਈ, ਕਿਰਪਾ ਕਰਕੇ ਸਰਵਿਸ ਓਨਟੈਰੀਓ (Service Ontario) ਨੂੰ ontario.ca/service ਤੇ ਸੰਪਰਕ ਕਰੋ।



ਪਾਰਕਿੰਗ ਟਿਕਟਾਂ

ਜੇਕਰ ਤੁਸੀਂ ਪਾਰਕਿੰਗ ਜਾਂ ਟ੍ਰੈਫਿਕ ਟਿਕਟ ਲੈਂਦੇ ਹੋ, ਤਾਂ ਤੁਹਾਡੇ ਕੋਲ ਭੁਗਤਾਨ ਕਰਨ ਦੇ ਕਈ ਤਰੀਕੇ ਹਨ, ਜਿਹਨਾਂ ਵਿੱਚ ਸ਼ਾਮਲ ਹਨ, ਫੋਨ, ਡਾਕ ਦੁਆਰਾ, ਖੁਦ ਜਾ ਕੇ ਜਾਂ caledon.ca/tickets ਤੇ। ਤੁਹਾਨੂੰ ਆਪਣੀ ਟਿਕਟ ਦੇ ਪਿਛਲੇ ਪਾਸੇ ਪੂਰੇ ਭੁਗਤਾਨ ਵੇਰਵੇ ਮਿਲਣਗੇ। ਜੇਕਰ ਤੁਸੀਂ ਆਪਣੀ ਟਿਕਟ ਤੇ ਵਿਵਾਦ ਕਰਨਾ ਚਾਹੁੰਦੇ ਹੋ, ਤਾਂ 6311 ਓਲਡ ਚਰਚ ਰੋਡ (6311 Old Church Road) ਵਿਖੇ ਸਥਿਤ ਕੋਰਟ ਸਰਵਿਸਿਜ ਔਫਿਸ (Court Services Office) ਵਿੱਚ ਜਾਓ।

ਟੋਏ

ਟੋਏ ਜ਼ਿੰਦਗੀ ਦੀ ਸੱਚਾਈ ਹਨ ਅਤੇ ਸਾਡੇ ਅਮਲੇ ਹਰ ਸਾਲ ਹਜ਼ਾਰਾਂ ਨੂੰ ਠੀਕ ਕਰਦੇ ਹਨ। ਪਰੰਤੂ ਸਾਨੂੰ ਉਹਨਾਂ ਸਾਰਿਆਂ ਦਾ ਪਤਾ ਨਹੀਂ ਲੱਗ ਸਕਦਾ।

ਜੇਕਰ ਤੁਸੀਂ ਕੋਈ ਟੋਇਆ ਦੇਖੋ, ਜਿਸਨੂੰ ਠੀਕ ਕਰਨ ਦੀ ਲੋੜ ਹੋਵੇ, ਤਾਂ ਕਿਰਪਾ ਕਰਕੇ ਸਾਨੂੰ ਦੱਸੋ। ਸਰਵਿਸ ਕੈਲਡਨ ਨੂੰ ਫੋਨ ਕਰੋ ਜਾਂ info@caledon.ca ਤੇ ਈਮੇਲ ਕਰੋ।

ਜੇਕਰ ਤੁਹਾਡੇ ਕੋਲ ਸਮਾਰਟਫੋਨ ਹੈ (ਅਤੇ ਤੁਸੀਂ ਡ੍ਰਾਈਵਿੰਗ ਨਹੀਂ ਕਰ ਰਹੇ ਹੋ!) ਤਾਂ ਤੁਸੀਂ ਟੋਏ ਦੀ ਫੋਟੋ ਖਿੱਚ ਕੇ ਸਾਡੇ ਐਪ ਵਿੱਚ "Report a Problem" (ਸਮੱਸਿਆ ਦੀ ਰਿਪੋਰਟ ਕਰੋ) ਵਿਸ਼ੇਸ਼ਤਾ ਵਰਤਦੇ ਹੋਏ ਇਸਨੂੰ ਭੇਜ ਸਕਦੇ ਹੋ। (ਇਸਨੂੰ caledon.ca/app ਤੇ ਡਾਊਨਲੋਡ ਕਰੋ।)

ਰੋਡਕਿਲ

ਜੇਕਰ ਤੁਹਾਨੂੰ ਪਬਲਿਕ ਪ੍ਰਾਪਰਟੀ ਤੇ ਕੋਈ ਮਰਿਆ ਹੋਇਆ ਜਾਨਵਰ ਮਿਲੇ, ਤਾਂ ਇਸਨੂੰ ਹਟਵਾਉਣ ਲਈ ਸਰਵਿਸ ਕੈਲਡਨ ਨੂੰ ਸੰਪਰਕ ਕਰੋ। ਜੇਕਰ ਤੁਹਾਨੂੰ ਆਪਣੀ ਖੁਦ ਦੀ ਪ੍ਰਾਪਰਟੀ ਤੇ ਕੋਈ ਮਰਿਆ ਹੋਇਆ ਜਾਨਵਰ ਮਿਲੇ, ਤਾਂ ਇਸਨੂੰ ਹਟਾਉਣ ਦੀ ਜ਼ਿੰਮੇਵਾਰੀ ਤੁਹਾਡੀ ਹੈ। ਤੁਸੀਂ ਜਾਨਵਰ ਨੂੰ ਸੁਰੱਖਿਅਤ ਰੂਪ ਨਾਲ ਹਟਾਉਣ ਵਾਸਤੇ ਪੈਸਟ ਕੰਟ੍ਰੋਲ ਏਜੰਸੀ ਨੂੰ ਇਹ ਕੰਮ ਦੇ ਸਕਦੇ ਹੋ।





ਹਾਕੀ ਨੈਟਸ ਅਤੇ ਬਾਸਕੇਟਬਾਲ ਹੂਪਸ

ਸਾਨੂੰ ਸਾਡੇ ਗਵਾਂਢਾਂ ਵਿੱਚ ਬੱਚਿਆਂ ਨੂੰ ਖੇਡਦੇ ਦੇਖਣਾ ਚੰਗਾ ਲੱਗਦਾ ਹੈ। ਅਸੀਂ ਉਹਨਾਂ ਨੂੰ ਸੁਰੱਖਿਅਤ ਰੱਖਣਾ ਚਾਹੁੰਦੇ ਹਾਂ। ਇਸ ਕਰਕੇ ਸਾਡੇ ਟ੍ਰੈਫਿਕ ਸਾਈਨ ਬੋਰਡ ਹਨ ਅਤੇ ਅਸੀਂ ਸਪੀਡ ਸੀਮਾਵਾਂ ਲਾਗੂ ਕਰਦੇ ਹਾਂ। ਪਰੰਤੂ ਅਸੀਂ ਇਹ ਵੀ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਅਮਲੇ ਸੁਰੱਖਿਅਤ ਅਤੇ ਪ੍ਰਭਾਵੀ ਰੂਪ ਨਾਲ ਸੜਕਾਂ ਨੂੰ ਵਿਵਸਥਿਤ ਕਰ ਸਕਣ ਅਤੇ ਕੂੜਾ ਚੁੱਕ ਸਕਣ। ਇਸ ਕਰਕੇ ਹੀ ਅਸੀਂ ਘਰ ਦੇ ਮਾਲਕਾਂ ਨੂੰ ਇਹ ਯਕੀਨੀ ਬਣਾਉਣ ਲਈ ਆਖਦੇ ਹਾਂ ਕਿ ਹਾਕੀ ਨੈਟਸ, ਬਾਸਕੇਟਬਾਲ ਹੂਪਸ, ਪਲੇਫੋਰਟਸ ਜਾਂ ਬੱਚੇ ਦੇ ਕਿਸੇ ਵੀ ਤਰ੍ਹਾਂ ਦੇ ਖਿਡੌਣੇ ਜਾਂ ਖੇਡਣ ਦਾ ਸਮਾਨ, ਸੜਕ ਦੇ ਕਿਨਾਰੇ ਨਾ ਛੱਡਿਆ ਜਾਵੇ। ਨਹੀਂ ਤਾਂ, ਤੁਹਾਡਾ ਕੂੜਾ/ਰੀਸਾਇਕਲ ਕਰਨ ਯੋਗ ਵਸਤਾਂ/ਔਰਗੈਨਿਕਸ ਉੱਥੇ ਹੀ ਰਹਿ ਸਕਦੀਆਂ ਹਨ ਅਤੇ ਤੁਹਾਡੀ ਸੜਕ ਦੀ ਸਫਾਈ ਨਹੀਂ ਵੀ ਹੋ ਸਕਦੀ। ਕਿਰਪਾ ਕਰਕੇ ਯਕੀਨੀ ਬਣਾਓ ਕਿ ਸੜਕਾਂ ਨੂੰ ਵਿਘਨ ਰਹਿਤ ਰੱਖਿਆ ਜਾਂਦਾ ਹੈ, ਤਾਂ ਜੋ ਸਾਡੇ ਅਮਲੇ ਬਰਫ ਹਟਾ ਸਕਣ ਜਾਂ ਕੂੜਾ ਅਤੇ ਰੀਸਾਇਕਲਿੰਗ ਬਿਨਸ ਲਿਜਾ ਸਕਣ। ਤੁਹਾਡਾ ਧੰਨਵਾਦ!

ਸਰਦੀ

ਟਾਊਨ ਔਫ ਕੈਲਡਨ ਸਰਦੀ ਦੀ ਬਰਫ ਦੀ ਸਫਾਈ ਪ੍ਰਦਾਨ ਕਰਦਾ ਹੈ, ਜਿਵੇਂ ਪਲੋਇੰਗ, ਸੈਂਡਿੰਗ ਅਤੇ ਡੀ-ਆਈਸਿੰਗ। ਤੂਫਾਨ ਤੋਂ ਬਾਅਦ, ਸਾਡੀਆਂ ਸਾਰੀਆਂ ਲੇਕਲ 1,600 ਕਿਲੋਮੀਟਰ ਸੜਕਾਂ ਨੂੰ ਸਾਫ ਕਰਨ ਵਿੱਚ ਅੱਠ ਘੰਟੇ ਜਾਂ ਵੱਧ ਸਮਾਂ ਲੱਗ ਸਕਦਾ ਹੈ। ਰੀਜਨ ਔਫ ਪੀਲ ਟਾਊਨ ਦੇ ਅੰਦਰ ਮੁੱਖ ਮਾਰਗਾਂ ਦੀਆਂ ਸੜਕਾਂ ਲਈ ਸਰਦੀ ਦੀ ਦੇਖਭਾਲ ਪ੍ਰਦਾਨ ਕਰਦਾ ਹੈ।

ਕਿਰਪਾ ਕਰਕੇ ਸਰਦੀਆਂ ਦੀਆਂ ਸਥਿਤੀਆਂ ਵਿੱਚ ਡ੍ਰਾਈਵਿੰਗ ਕਰਦੇ ਸਮੇਂ ਵੱਧ ਸਾਵਧਾਨ ਰਹੋ, ਸਰਦੀ ਦੀਆਂ ਪਾਰਕਿੰਗ ਮਨਾਹੀਆਂ ਤੇ ਨਜ਼ਰ ਰੱਖੋ ਅਤੇ ਸਨੋਪਲੋ ਵੱਲੋਂ ਛੱਡੇ ਗਏ ਤੁਹਾਡੇ ਡ੍ਰਾਈਵਵੇ ਦੇ ਅਖੀਰ ਵਿੱਚ ਸਨੋਬੈਂਕ ਨੂੰ ਹਟਾਓ।

ਕਿਰਪਾ ਕਰਕੇ ਧਿਆਨ ਦਿਓ ਕਿ ਇਹ ਯਕੀਨੀ ਬਣਾਉਣਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਤੁਹਾਡੀ ਪ੍ਰਾਪਰਟੀ ਤੋਂ ਹਟਾਈ ਗਈ ਕੋਈ ਵੀ ਬਰਫ ਸੜਕ ਤੇ ਨਾ ਆਵੇ। ਅਜਿਹਾ ਕਰਨ ਨਾਲ ਜੁਰਮਾਨਾ ਲੱਗ ਸਕਦਾ ਹੈ।

ਵਧੇਰੇ ਜਾਣਕਾਰੀ, caledon.ca/snow ਤੇ ਲਵੋ।

ਸਰਦੀ ਦੀਆਂ ਪਾਰਕਿੰਗ ਮਨਾਹੀਆਂ

ਸਰਦੀ ਦੇ ਭਾਰੀ ਤੂਫਾਨ ਦੀ ਸਥਿਤੀ ਵਿੱਚ, ਟਾਊਨ ਪ੍ਰਭਾਵੀ ਰੂਪ ਨਾਲ ਸਨੋ ਹਟਾਉਣ ਲਈ, ਸੜਕਾਂ ਨੂੰ ਵੱਧ ਤੋਂ ਵੱਧ ਸਾਫ ਰੱਖਣ ਲਈ ਸਰਦੀ ਦੀ ਪਾਰਕਿੰਗ ਮਨਾਹੀ ਜਾਰੀ ਕਰ ਸਕਦਾ ਹੈ।

ਸਰਦੀ ਦੀ ਪਾਰਕਿੰਗ ਮਨਾਹੀ ਦੇ ਦੌਰਾਨ:

- ਵਾਹਨਾਂ ਨੂੰ ਕੈਲਡਨ ਦੀਆਂ ਸੜਕਾਂ ਤੇ ਪਾਰਕ ਨਹੀਂ ਕੀਤਾ ਜਾ ਸਕਦਾ;
- ਸਾਰੇ ਪਾਰਕਿੰਗ ਪਾਸ ਰੱਦ ਹੋ ਜਾਂਦੇ ਹਨ, ਅਤੇ
- ਟਾਊਨ ਦੀ ਸਟ੍ਰੀਟਸ ਤੇ ਪਾਰਕ ਕੀਤੇ ਵਾਹਨਾਂ ਦੇ ਜੁਰਮਾਨਾ ਲੱਗਦਾ ਹੈ ਅਤੇ ਉਹਨਾਂ ਨੂੰ ਵਾਹਨ ਦੇ ਮਾਲਕ ਦੇ ਖਰਚੇ ਤੇ ਚੁੱਕਿਆ ਜਾ ਸਕਦਾ ਹੈ।

ਸਰਦੀ ਦੀ ਪਾਰਕਿੰਗ ਮਨਾਹੀ ਦਾ ਨੋਟਿਸ ਟਾਊਨ ਦੀ ਵੈਬਸਾਈਟ, ਸੋਸ਼ਲ ਮੀਡੀਆ ਅਤੇ ਟਾਊਨ ਦੇ ਐਪ, Pingstreet ਦੁਆਰਾ ਪ੍ਰਦਾਨ ਕੀਤਾ ਜਾਵੇਗਾ। (ਐਪ ਨੂੰ caledon.ca/app ਤੇ ਡਾਊਨਲੋਡ ਕਰੋ)

ਵਧੇਰੇ ਜਾਣਕਾਰੀ, caledon.ca/winterparking ਤੇ ਲਵੋ।

ਨੋਟਸ



ਨੇਬਰਹੁੱਡ

ਟਾਊਨ ਔਫ ਕੈਲਡਨ ਬਹੁਤ ਵੱਡਾ ਖੇਤਰ ਹੈ: *688* ਵਰਗ ਕਿਲੋਮੀਟਰ। ਸ਼ਹਿਰੀ ਖੇਤਰਾਂ, ਪਿੰਡਾਂ, ਖੇਤਾਂ ਅਤੇ ਖੂਬਸੂਰਤ ਪੇਂਡੂ ਖੇਤਰਾਂ ਨਾਲ ਮਿਲ ਕੇ ਬਣੇ ਕੈਲਡਨ ਨੂੰ, ਅਸੀਂ ਮਾਣ ਦੇ ਨਾਲ ਘਰ ਆਖਦੇ ਹਾਂ। ਇਸਦੇ ਕੇਂਦਰ ਵਿੱਚ, ਸਾਡਾ ਗਵਾਂਢਾਂ ਦਾ ਸ਼ਾਨਦਾਰ ਸਮੂਹ ਹੈ - ਅਤੇ ਇਸ ਭਾਗ ਵਿੱਚ, ਅਸੀਂ ਕੁਝ ਚੀਜ਼ਾਂ ਬਾਰੇ ਗੱਲ ਕਰਾਂਗੇ, ਜਿਹਨਾਂ ਨੂੰ ਅਸੀਂ ਸਾਰੇ ਮਿਲਜੁਲ ਕੇ ਇਕੱਠੇ ਰਹਿਣ ਵਿੱਚ ਮਦਦ ਲਈ ਧਿਆਨ ਵਿੱਚ ਰੱਖ ਸਕਦੇ ਹਾਂ।

ਨਿਸ਼ਕਿਰਿਆ ਹੋਣਾ

ਵਾਤਾਵਰਣ ਨੂੰ ਸੁਧਾਰਨ ਵਿੱਚ ਮਦਦ ਕਰੋ: ਫਜ਼ੂਲ ਨਿਸ਼ਕਿਰਿਆ ਵਾਹਨ ਰੱਖਣ ਤੋਂ ਬਚੋ!

ਨਿਸ਼ਕਿਰਿਆ ਵਾਹਨ ਹਵਾ ਨੂੰ ਪ੍ਰਦੂਸ਼ਿਤ ਕਰਦਾ ਹੈ ਅਤੇ ਹਵਾ ਦੀ ਖਰਾਬ ਕੁਆਲਿਟੀ ਦਾ ਲੋਕਾਂ ਦੀ ਸਿਹਤ ਤੇ ਹਾਨੀਕਾਰਕ ਅਸਰ ਹੋ ਸਕਦਾ ਹੈ।

ਨਿਸ਼ਕਿਰਿਆ ਹੋਣ ਨਾਲ ਗੈਸੋਲਾਈਨ ਵੀ ਖਰਾਬ ਜਾਂਦੀ ਹੈ ਅਤੇ ਤੁਹਾਡੇ ਵਾਹਨ ਵਿੱਚ ਟੁੱਟ-ਭੱਜ ਹੋਵੇਗੀ।

ਵਾਤਾਵਰਣ ਦੀ ਸੁਰੱਖਿਆ ਲਈ ਅਤੇ "ਗ੍ਰੀਨ" ਵਿਵਹਾਰ ਨੂੰ ਵਧਾਉਣ ਲਈ, ਟਾਊਨ ਔਫ ਕੈਲਡਨ ਦੀ ਸ਼ਰਤ ਹੈ ਕਿ ਵਾਹਨ ਕਿਸੇ ਵੀ ਇੱਕ-ਘੰਟੇ ਦੀ ਮਿਆਦ ਵਿੱਚ ਦੋ ਮਿੰਟ ਤੋਂ ਵੱਧ ਨਿਸ਼ਕਿਰਿਆ ਨਾ ਰਹਿਣ।

ਇਹ ਹੇਠਾਂ ਦਿੱਤੀਆਂ ਛੋਟਾਂ ਦੇ ਨਾਲ ਪਬਲਿਕ ਜਾਂ ਪ੍ਰਾਈਵੇਟ ਪ੍ਰਾਪਰਟੀ ਤੇ ਖੜ੍ਹੇ ਵਾਹਨਾਂ ਤੇ ਲਾਗੂ ਹੁੰਦਾ ਹੈ:

- ਖੇਤੀ ਸਬੰਧੀ ਉਪਕਰਨ
- ਟ੍ਰੈਫਿਕ ਸਥਿਤੀਆਂ ਦੇ ਕਾਰਨ ਰੁਕੇ ਹੋਏ ਵਾਹਨ, ਜਾਂ
- ਹਾਈਬ੍ਰਿਡ ਜਾਂ ਇਲੈਕਟ੍ਰੀਕਲ ਵਾਹਨ, ਜਿਹਨਾਂ ਤੋਂ ਨਿਕਾਸੀਆਂ ਨਹੀਂ ਹੁੰਦੀਆਂ।

ਨਿਸ਼ਕਿਰਿਆ ਵਾਹਨ ਦੇ ਅਪਰਾਧ ਲਈ ਟਿਕਟ ਜਾਰੀ ਕੀਤਾ ਜਾ ਸਕਦਾ ਹੈ।

ਵਧੇਰੇ ਜਾਣਕਾਰੀ caledon.ca/idling ਤੇ ਲਵੋ।

ਸ਼ੋਰ

ਆਓ ਸਾਡੇ ਗਵਾਂਢ ਨੂੰ ਸਾਰਿਆਂ ਦੇ ਅਨੰਦ ਮਾਣਨ ਵਾਸਤੇ ਸ਼ਾਂਤ ਰੱਖੀਏ। ਕਿਰਪਾ ਕਰਕੇ ਆਪਣੇ ਗਵਾਂਢੀਆਂ ਦੇ ਅਰਾਮ ਨੂੰ ਧਿਆਨ ਵਿੱਚ ਰੱਖੇ ਅਤੇ ਸ਼ੋਰ ਘੱਟ ਕਰੋ, ਜੋ ਪਰੇਸ਼ਾਨੀ ਪੈਦਾ ਕਰ ਸਕਦਾ ਹੈ।

ਵਿਘਨਕਾਰੀ ਸ਼ੋਰ ਵਿੱਚ ਸ਼ਾਮਲ ਹੈ, ਰਿਹਾਇਸ਼ੀ ਖੇਤਰ ਵਿੱਚ ਕਿਸੇ ਵੀ ਵਿਅਕਤੀ ਦੀ ਸ਼ਾਂਤੀ, ਖਾਮੋਸ਼ੀ ਜਾਂ ਅਨੰਦ ਨੂੰ ਭੰਗ ਕਰਨ ਦੀ ਸੰਭਾਵਨਾ ਵਾਲੀਆਂ ਅਵਾਜ਼ਾਂ।

ਆਮ ਉਦਾਹਰਨਾਂ ਵਿੱਚ ਸ਼ਾਮਲ ਹਨ:

- ਚੀਕਚਿਹਾੜਾ ਪਾਉਣਾ ਜਾਂ ਚੀਕਣਾ;
- ਉਸਾਰੀ ਉਪਕਰਨ ਚਲਾਉਣਾ;
- ਸੰਗੀਤ ਜਾਂ ਇਲੈਕਟ੍ਰੋਨਿਕ ਡਿਵਾਈਸਾਂ ਵਿੱਚੋਂ ਆਉਣ ਵਾਲੀਆਂ ਅਵਾਜ਼ਾਂ, ਅਤੇ
- ਘਰੇਲੂ ਪਾਲਤੂ ਜਾਨਵਰ ਤੋਂ ਲਗਾਤਾਰ ਭੌਂਕਣ ਜਾਂ ਰਿਹਾੜ।

ਰਾਤ 11 ਵਜੇ ਤੋਂ ਸਵੇਰੇ 7 ਵਜੇ ਤੱਕ ਸ਼ੋਰ ਦੀ ਇਜਾਜ਼ਤ ਨਹੀਂ ਹੈ, ਉਸਾਰੀ ਵਾਲਾ ਉਪਕਰਨ ਸਵੇਰੇ 6 ਵਜੇ ਤੋਂ ਚਲਾਉਣ ਦੀ ਛੋਟ ਹੈ।

ਗਰਮੀ ਸਬੰਧੀ ਸ਼ਿਸ਼ਟਤਾ: ਆਪਣੇ ਗਵਾਂਢੀਆਂ ਬਾਰੇ ਸੋਚੋ ਅਤੇ ਕਿਰਪਾ ਕਰਕੇ ਸਵੇਰੇ 7 ਵਜੇ ਤੱਕ ਆਪਣਾ ਲਾਅਨਮਾਵਰ ਚਾਲੂ ਨਾ ਕਰੋ।

ਪਾਰਟੀ ਆਯੋਜਿਤ ਕਰ ਰਹੇ ਹੋ?

ਤੁਹਾਡੇ ਗਵਾਂਢੀਆਂ ਦੀ ਖਾਤਿਰ, ਟਾਊਨ ਪ੍ਰਾਪਰਟੀ ਮਾਲਕਾਂ ਨੂੰ ਸ਼ੋਰ ਦੀ ਛੋਟ ਨਹੀਂ ਦਿੰਦਾ, ਜੇ ਆਪਣੇ ਘਰਾਂ ਵਿੱਚ ਕਾਰਜਕਰਮ ਆਯੋਜਿਤ ਕਰਦੇ ਹਨ। ਰਾਤ 11:00 ਵਜੇ ਤੋਂ ਬਾਅਦ ਕਿਸੇ ਕਾਰਜਕਰਮ ਜਾਂ ਪਾਰਟੀ ਨਾਲ ਜੁੜੇ ਸੰਗੀਤ, ਚੀਕਣ ਜਾਂ ਕਿਸੇ ਹੋਰ ਤਰ੍ਹਾਂ ਦੇ ਸ਼ੋਰ ਨਾਲ ਗਵਾਂਢੀ ਪਰੇਸ਼ਾਨ ਨਹੀਂ ਹੋਣੇ ਚਾਹੀਦੇ। ਜੇਕਰ ਤੁਸੀਂ ਮਹਿਮਾਨਾਂ ਦੇ ਨਾਲ ਮੌਜ-ਮਸਤੀ ਕਰ ਰਹੇ ਹੋ, ਤਾਂ ਸੰਭਵ ਤੌਰ ਤੇ ਚੰਗਾ ਹੋਵੇਗਾ ਕਿ ਤੁਸੀਂ ਆਪਣੇ ਗਵਾਂਢੀਆਂ ਨੂੰ ਪਹਿਲਾਂ ਹੀ ਦੱਸ ਦਿਓ।

ਸ਼ੋਰ ਵਾਲੇ ਵਾਹਨ

ਵਾਹਨਾਂ ਵਿੱਚ ਅਵਾਜ਼ ਬੰਦ ਕਰਨ ਵਾਲੀਆਂ ਪ੍ਰਭਾਵੀ ਡਿਵਾਈਸਾਂ ਚੰਗੀ ਸਥਿਤੀ ਵਿੱਚ ਹੋਣੀਆਂ ਲਾਜ਼ਮੀ ਹਨ ਅਤੇ ਉਹਨਾਂ ਨੂੰ ਨਿਊਨਤਮ ਸ਼ੋਰ ਤੇ ਚਲਾਉਣਾ ਚਾਹੀਦਾ ਹੈ - ਉਦਾਹਰਨ ਲਈ, ਤਾਂ ਜੋ ਪਹੀਏ ਅਵਾਜ਼ ਨਾ ਕਰਨ। ਟ੍ਰੇਲਰਾਂ ਤੇ ਲੋਡ ਚੰਗੀ ਤਰ੍ਹਾਂ ਬੰਨ੍ਹਿਆ ਹੋਣਾ ਚਾਹੀਦਾ ਹੈ, ਤਾਂ ਜੋ ਉਹ ਧਮਾਕੇ ਵਰਗੀ ਅਵਾਜ਼, ਖਣਕਾਰ ਜਾਂ ਇਹੋ ਜਿਹਾ ਸ਼ੋਰ ਪੈਦਾ ਨਾ ਕਰਨ।

ਬਰਫ ਹਟਾਉਣਾ

ਜ਼ਿਆਦਾ ਠੰਡ ਵਾਲੇ ਮਹੀਨਿਆਂ ਵਿੱਚ, ਇਹ ਯਕੀਨੀ ਬਣਾਉਣ ਲਈ ਕਿ ਹਰ ਕਿਸੇ ਦੀ ਸੁਰੱਖਿਆ ਲਈ ਪਗਡੰਡੀਆਂ ਨੂੰ ਸਮੇਂ ਸਿਰ ਸਾਫ ਕੀਤਾ ਜਾਂਦਾ ਹੈ, ਬਰਫ ਹਟਾਉਣ ਸਬੰਧੀ ਸ਼ੋਰ (ਉਦਾਹਰਨ ਲਈ, ਸਨੋ ਬਲੋਅਰ) ਤੇ ਪਾਬੰਦੀ ਹੈ।

ਸਾਈਨ ਬੋਰਡ

ਸਾਈਨ ਬੋਰਡਾਂ ਦੇ ਪ੍ਰਦੂਸ਼ਣ ਨੂੰ ਘਟਾਉਣ ਅਤੇ ਇਹ ਯਕੀਨੀ ਬਣਾਉਣ ਲਈ ਕਿ ਟ੍ਰੈਫਿਕ ਸਾਈਟ ਲਾਈਨਾਂ ਖੁੱਲ੍ਹੀਆਂ ਰਹਿਣ, ਟਾਊਨ ਸਾਈਨ ਬੋਰਡ ਪਲੇਸਮੈਂਟ ਸੰਭਾਲਦਾ ਹੈ।

ਸਾਈਨ ਬੋਰਡਾਂ ਦੀਆਂ ਸ਼੍ਰੇਣੀਆਂ

ਸਾਈਨ ਬੋਰਡਾਂ ਦੀਆਂ ਮੁੱਖ ਦੋ ਸ਼੍ਰੇਣੀਆਂ ਹਨ, ਅਸਥਾਈ ਅਤੇ ਸਥਾਈ। ਅਸਥਾਈ ਸਾਈਨ ਬੋਰਡ, ਕਿਸੇ ਵੀ ਸਟ੍ਰਕਚਰ ਜਾਂ ਜ਼ਮੀਨ ਨਾਲ ਸਥਾਈ ਤੌਰ ਤੇ ਨਹੀਂ ਜੋੜੇ ਜਾਂਦੇ। ਕਮਿਉਨਿਟੀ ਉਦੇਸ਼ਾਂ ਲਈ ਵਰਤੇ ਜਾਣ ਵਾਲੇ ਕਈ ਸਾਈਨ ਬੋਰਡ ਨੂੰ ਅਸਥਾਈ ਮੰਨਿਆ ਜਾਂਦਾ ਹੈ, ਜਿਵੇਂ ਵਿਗਿਆਪਨ ਕਾਰਜਕਰਮ।

ਕਮਿਉਨਿਟੀ ਕਾਰਜਕਰਮ

ਜੇਕਰ ਤੁਸੀਂ ਗੈਰਾਜ ਵਿਕਰੀ, ਗੁਆਚੇ ਪਾਲਤੂ ਜਾਨਵਰ ਜਾਂ ਹੋਰ ਜਾਣਕਾਰੀ ਦਾ ਵਿਗਿਆਪਨ ਦੇਣਾ ਚਾਹੁੰਦੇ ਹੋ, ਤਾਂ ਤੁਹਾਡੇ ਕੋਲ ਕਈ ਵਿਕਲਪ ਹਨ, ਜਿਵੇਂ ਕਿ ਹੇਠਾਂ ਦਿੱਤਾ ਗਿਆ ਹੈ।

ਪੋਸਟਰ, ਲੀਫਲੈਟ ਜਾਂ ਹੋਰ ਪ੍ਰਿੰਟਿਡ ਨੋਟਿਸ ਦਾ ਵਿਗਿਆਪਨ ਟਾਊਨ ਦੇ ਨਿਯਤ ਸਾਈਨ ਸਲੀਵਸ, ਜੋ ਪੂਰੀ ਕਮਿਉਨਿਟੀ ਵਿੱਚ ਉਪਲਬਧ ਹਨ, ਵਿੱਚੋਂ ਇੱਕ ਦੀ ਵਰਤੋਂ ਕਰਦੇ ਹੋਏ ਦਿੱਤਾ ਜਾ ਸਕਦਾ ਹੈ।

ਸਾਈਨ ਸਲੀਵ ਦੀ ਵਰਤੋਂ ਕਰਦੇ ਹੋਏ, ਕਿਰਪਾ ਕਰਕੇ ਧਿਆਨ ਦਿਓ ਕਿ:

- ਇੱਕ ਵਾਰ ਸਿਰਫ ਇੱਕ ਵਿਗਿਆਪਨ ਹੀ ਡਿਸਪਲੇ ਕੀਤਾ ਜਾਣਾ ਚਾਹੀਦਾ ਹੈ;
- ਸਾਈਨ ਬੋਰਡ ਅਧਿਕਤਮ 30 ਦਿਨਾਂ ਤੱਕ ਡਿਸਪਲੇ ਕੀਤਾ ਜਾ ਸਕਦਾ ਹੈ;
- ਵਿਗਿਆਪਨ ਲਾਜ਼ਮੀ ਤੌਰ ਤੇ ਸਾਈਨ ਸਲੀਵ ਦੇ ਅਕਾਰ ਤੋਂ ਵੱਡਾ ਨਾ ਹੋਵੇ; ਅਤੇ
- ਇਸ ਨਾਲ ਜੁੜੇ ਵਿਅਕਤੀ ਜਾਂ ਕਾਰੋਬਾਰ ਦਾ ਨਾਮ ਦਿੱਤਾ ਜਾਣਾ ਲਾਜ਼ਮੀ ਹੈ।

ਇਹ ਸਾਈਨ ਬੋਰਡ, ਸਾਈਨ ਸਲੀਵ ਦੀ ਵਰਤੋਂ ਦੇ ਦੁਆਰਾ ਦਿੱਤੇ ਜਾਣ ਤੋਂ ਇਲਾਵਾ, ਟਾਊਨ ਦੀ ਜ਼ਮੀਨ ਤੇ ਪੋਸਟ ਨਹੀਂ ਕੀਤੇ ਜਾਣੇ ਚਾਹੀਦੇ।

ਖਾਸ ਕਾਰਜਕਰਮ ਸਾਈਨ ਬੋਰਡ, ਰਜਿਸਟਰਡ ਗੈਰ-ਲਾਭ ਸੰਗਠਨਾਂ ਜਾਂ ਉਹਨਾਂ ਸੰਗਠਨਾਂ ਵੱਲੋਂ ਪ੍ਰਾਈਵੇਟ ਜਾਂ ਟਾਊਨ ਦੀ ਮਾਲਕੀ ਵਾਲੀ ਪ੍ਰਾਪਰਟੀ ਤੇ ਲਗਾਏ ਜਾ ਸਕਦੇ ਹਨ, ਜੋ ਟਾਊਨ ਦੇ ਨਾਲ ਕਮਿਉਨਿਟੀ ਗਰੁੱਪ ਐਫਿਲਿਏਟਸ (Community Group Affiliates) ਵਜੋਂ ਨਿਯੁਕਤ ਹਨ।

ਇਹਨਾਂ ਸਾਈਨ ਬੋਰਡਾਂ ਨੂੰ ਕਿਸੇ ਕਾਰਜਕਰਮ ਤੋਂ ਪਹਿਲਾਂ ਤਿੰਨ ਹਫਤੇ ਤੋਂ ਵੱਧ ਨਹੀਂ ਲਗਾਇਆ ਜਾ ਸਕਦਾ ਅਤੇ ਕਾਰਜਕਰਮ ਦੇ ਬਾਅਦ ਚਾਰ ਦਿਨਾਂ ਦੇ ਅੰਦਰ ਹਟਾਉਣਾ ਲਾਜ਼ਮੀ ਹੈ। ਖਾਸ ਕਾਰਜਕਰਮ ਸਬੰਧੀ ਸਾਈਨ ਬੋਰਡ ਕਿਸੇ ਵੀ ਸਾਈਡਵਾਕ ਜਾਂ ਕਰਬ ਤੋਂ ਘੱਟੇ-ਘੱਟ 2 ਮੀ. ਦੂਰ ਸਥਿਤ ਹੋਣੇ ਲਾਜ਼ਮੀ ਹਨ।

ਕਿਰਪਾ ਕਰਕੇ ਧਿਆਨ ਦਿਓ ਕਿ ਕਿਸੇ ਵੀ ਸਥਾਨ ਵਿੱਚ ਸਾਈਨ ਬੋਰਡ ਨਹੀਂ ਲਗਾਇਆ ਜਾ ਸਕਦਾ, ਜੇ ਟ੍ਰੈਫਿਕ ਸਾਈਟਲਾਈਨਾਂ ਜਾਂ ਮੋਟਰ ਵਾਹਨ ਚਲਾਉਣ ਵਾਲਿਆਂ ਜਾਂ ਪੈਦਲ ਚੱਲਣ ਵਾਲਿਆਂ ਦੀ ਦਿੱਸਣਯੋਗਤਾ ਵਿੱਚ ਰੁਕਾਵਟ ਪਾ ਸਕਦਾ ਹੈ ਜਾਂ ਉਹਨਾਂ ਨੂੰ ਬਲੌਕ ਕਰ ਸਕਦਾ ਹੈ।

ਪਰਮਿਟ

ਅਸਥਾਈ ਸਾਈਨ ਬੋਰਡਾਂ ਅਤੇ ਖਾਸ ਕਾਰਜਕਰਮ ਵਾਲੇ ਸਾਈਨ ਬੋਰਡਾਂ ਵਾਸਤੇ ਪਰਮਿਟ ਦੀ ਲੋੜ ਨਹੀਂ ਹੁੰਦੀ, ਜਦੋਂ ਤੱਕ ਕਿ ਮੋਬਾਈਲ ਸਾਈਨ ਬੋਰਡ ਨਾ ਵਰਤਿਆ ਜਾ ਰਿਹਾ ਹੋਵੇ। ਤੁਹਾਡੇ ਸਾਈਨ ਬੋਰਡ ਜਾਂ ਪੋਸਟਰ ਲਗਾਉਣ ਤੋਂ ਪਹਿਲਾਂ ਇਹ ਯਕੀਨੀ ਬਣਾਉਣ ਲਈ ਟਾਊਨ ਨੂੰ ਸੰਪਰਕ ਕਰਨਾ ਠੀਕ ਰਹੇਗਾ ਕਿ ਉਹ ਬੀਮੇ ਸਮੇਤ, ਸਾਰੀਆਂ ਸ਼ਰਤਾਂ ਦੀ ਪਾਲਣਾ ਕਰਦੇ ਹਨ।

ਵਧੇਰੇ ਜਾਣਕਾਰੀ caledon.ca/signs ਤੇ ਲਵੋ।

ਖਾਸ ਕਾਰਜਕਰਮ

ਕੀ ਅਜਿਹਾ ਕਾਰਜਕਰਮ ਆਯੋਜਿਤ ਕਰ ਰਹੇ ਹੋ, ਜਿਸ ਵਿੱਚ ਅਲਕੋਹਲ ਉਪਲਬਧ ਹੋਵੇਗੀ?

ਇਹ ਨਿਰਧਾਰਤ ਕਰਨ ਲਈ AGCO ਨੂੰ ਪੁੱਛੋ ਕਿ ਕੀ ਸਪੈਸ਼ਲ ਓਕੇਜਨ ਪਰਮਿਟ (Special Occasion Permit) ਜ਼ਰੂਰੀ ਹੈ।

ਅਲਕੋਹਲ ਐਂਡ ਗੇਮਿੰਗ ਕਮਿਸ਼ਨ ਔਫ ਓਨਟੈਰੀਓ (Alcohol and Gaming Commission of Ontario) (AGCO), ਸਪੈਸ਼ਲ ਓਕੇਜਨ ਪਰਮਿਟ (SOP) ਪ੍ਰੋਗਰਾਮ ਦੇ ਪ੍ਰਬੰਧਨ ਦੀ ਨਿਗਰਾਨੀ ਕਰਦਾ ਹੈ, ਜੋ ਖਾਸ ਮੌਕਿਆਂ ਤੇ ਅਲਕੋਹਲ ਦੀ ਵਿਕਰੀ ਦੀ ਇਜਾਜ਼ਤ ਦਿੰਦਾ ਹੈ, ਜਿਵੇਂ ਵਿਆਹਾਂ ਜਾਂ ਪ੍ਰਾਈਵੇਟ ਰਿਸੈਪਸ਼ਨਾਂ ਤੇ ਕੈਸ਼ ਬਾਰਸ, ਨਾਲ ਹੀ ਵੱਡੇ ਪੈਮਾਨੇ ਦੇ ਕਾਰਜਕਰਮ, ਜੋ ਪਬਲਿਕ ਲਈ ਖੁੱਲ੍ਹੇ ਹੁੰਦੇ ਹਨ, ਜਿਵੇਂ ਚੈਰਿਟੀ ਸਬੰਧੀ ਫੰਡ ਇਕੱਠਾ ਕਰਨ ਵਾਲੇ।

SOP ਕਿਸੇ ਵੀ ਸਮੇਂ ਉਦੋਂ ਜ਼ਰੂਰੀ ਹੁੰਦਾ ਹੈ, ਜਦੋਂ ਲਾਇਸੈਂਸਸ਼ੁਦਾ ਸੰਸਥਾਨ (ਜਿਵੇਂ ਕਿ ਬਾਰ ਜਾਂ ਰੈਸਟੋਰੈਂਟ) ਜਾਂ ਪ੍ਰਾਈਵੇਟ ਜਗ੍ਹਾ (ਜਿਵੇਂ ਪ੍ਰਾਈਵੇਟ ਔਫਿਸ ਜਾਂ ਹੋਰ) ਵਿੱਚ ਹੋਣ ਨੂੰ ਛੱਡ ਕੇ, ਕਿਸੇ ਵੀ ਹੋਰ ਜਗ੍ਹਾ ਵਿੱਚ ਅਲਕੋਹਲ ਵਿਕਰੀ ਲਈ ਪੇਸ਼ ਕੀਤੀ ਜਾਂਦੀ ਹੈ।

ਕਾਰਜਕਰਮਾਂ ਦੇ ਹੇਠਾਂ ਦਿੱਤੇ ਪ੍ਰਕਾਰਾਂ ਲਈ ਪਰਮਿਟ ਜਾਰੀ ਕੀਤਾ ਜਾ ਸਕਦਾ ਹੈ:

ਪ੍ਰਾਈਵੇਟ ਕਾਰਜਕਰਮ: ਉਹਨਾਂ ਕਾਰਜਕਰਮਾਂ ਲਈ, ਜਿੱਥੇ ਸਿਰਫ ਸੱਦੇ ਗਏ ਮਹਿਮਾਨ ਹੀ ਸ਼ਾਮਲ ਹੋਣਗੇ। ਇਹਨਾਂ ਕਾਰਜਕਰਮਾਂ ਦਾ ਵਿਗਿਆਪਨ ਨਹੀਂ ਦਿੱਤਾ ਜਾ ਸਕਦਾ ਅਤੇ ਕਾਰਜਕਰਮ ਵਿੱਚ ਅਲਕੋਹਲ ਦੀ ਵਿਕਰੀ ਤੋਂ ਲਾਭ ਜਾਂ ਮੁਨਾਫੇ ਕਮਾਉਣ ਦਾ ਉਦੇਸ਼ ਨਹੀਂ ਹੋ ਸਕਦਾ।

ਪਬਲਿਕ ਕਾਰਜਕਰਮ: ਉਹਨਾਂ ਕਾਰਜਕਰਮਾਂ ਲਈ, ਜੋ ਪਬਲਿਕ ਲਈ ਖੁੱਲ੍ਹੇ ਹਨ। ਪਬਲਿਕ ਕਾਰਜਕਰਮਾਂ ਦਾ ਵਿਗਿਆਪਨ ਦਿੱਤਾ ਜਾ ਸਕਦਾ ਹੈ ਅਤੇ ਉਹਨਾਂ ਵਾਸਤੇ ਫੰਡ ਇਕੱਠਾ ਕਰਨ/ਅਲਕੋਹਲ ਦੀ ਵਿਕਰੀ ਤੋਂ ਮੁਨਾਫੇ ਦੀ ਇਜਾਜ਼ਤ ਹੁੰਦੀ ਹੈ। AGCO ਪਰਮਿਟਾਂ ਬਾਰੇ ਵਧੇਰੇ ਜਾਣਕਾਰੀ ਲਈ, agco.ca ਤੇ ਜਾਓ।

ਮਿਊਨਿਸਿਪਲ ਸੂਚਨਾ: 30 ਦਿਨ ਪਹਿਲਾਂ

ਜੇਕਰ ਤੁਹਾਨੂੰ AGCO ਪਰਮਿਟ ਦੀ ਲੋੜ ਹੈ ਤਾਂ ਟਾਊਨ ਨੂੰ ਤੁਹਾਡੀ AGCO ਅਰਜ਼ੀ ਦੀ ਸਮੀਖਿਆ ਕਰਕੇ ਜਵਾਬ ਦੇਣਾ ਪਵੇਗਾ।

ਅਸੀਂ ਅਜਿਹਾ ਇਹ ਯਕੀਨੀ ਬਣਾਉਣ ਲਈ ਕਰਦੇ ਹਾਂ ਕਿ ਟਾਊਨ ਵਿੱਚ ਆਯੋਜਿਤ ਹੋਣ ਵਾਲੇ ਕਾਰਜਕਰਮ ਸੁਰੱਖਿਅਤ ਰੂਪ ਨਾਲ ਕੀਤੇ ਜਾਣ।

ਸਾਨੂੰ ਘੱਟੋ-ਘੱਟ 30 ਦਿਨਾਂ ਦੇ ਨੋਟਿਸ ਦੀ ਲੋੜ ਹੁੰਦੀ ਹੈ, ਤਾਂ ਜੋ ਸਾਡੀ ਅੰਦਰੂਨੀ ਸਮੀਖਿਆ ਵਿੱਚ ਟਾਊਨ ਦੇ ਕਈ ਵਿਭਾਗਾਂ ਤੋਂ ਸੁਝਾਅ ਸ਼ਾਮਲ ਕੀਤੇ ਜਾ ਸਕਣ, ਜਿਵੇਂ ਜ਼ੋਨਿੰਗ ਅਤੇ ਐਮਰਜੈਂਸੀ ਸੇਵਾਵਾਂ।

ਪ੍ਰਕਿਰਿਆ ਦੇ ਹਿੱਸੇ ਵਜੋਂ, ਤੁਹਾਨੂੰ ਇੱਕ ਵੱਖਰੀ, ਟਾਊਨ-ਵਿਸ਼ੇਸ਼ ਅਰਜ਼ੀ ਜਮ੍ਹਾਂ ਕਰਨ ਦੀ ਲੋੜ ਹੋਵੇਗੀ।

ਉਸਦੇ ਬਾਅਦ ਅਸੀਂ ਇਸ ਅਰਜ਼ੀ ਨੂੰ ਅੰਦਰੂਨੀ ਡਿਵੀਜਨਾਂ ਨਾਲ ਸਾਂਝਾ ਕਰਕੇ ਉਹਨਾਂ ਦਾ ਫੀਡਬੈਕ ਲੈਂਦੇ ਹਾਂ।

ਜਦੋਂ ਸਾਡੀ ਸਮੀਖਿਆ ਪੂਰੀ ਹੋ ਜਾਂਦੀ ਹੈ, ਤਾਂ ਅਸੀਂ ਅਤੇ AGCO ਨੂੰ ਤੁਹਾਨੂੰ ਸਾਰ ਪੱਤਰ ਪ੍ਰਦਾਨ ਕਰਾਂਗੇ, ਜਿਸਨੂੰ AGCO ਆਪਣੀ ਅਰਜ਼ੀ ਪ੍ਰਕਿਰਿਆ ਪੂਰੀ ਕਰਨ ਲਈ ਵਰਤ ਸਕਦਾ ਹੈ। (ਕਿਰਪਾ ਕਰਕੇ ਧਿਆਨ ਦਿਓ ਕਿ ਇਸ ਪਰਮਿਟ ਲਈ ਫੀਸ ਲੱਗਦੀ ਹੈ।)

ਮਿਊਨਿਸੀਪਲ ਵਿਸ਼ੇਸ਼ ਕਾਰਜਕਰਮ: 60 ਦਿਨ ਪਹਿਲਾਂ ਸੂਚਨਾ

ਜੇਕਰ ਤੁਹਾਡਾ ਕਾਰਜਕਰਮ ਪਬਲਿਕ ਲਈ ਖੁੱਲ੍ਹਾ ਹੈ ਪਰੰਤੂ ਇਹ ਕਿਸੇ ਰਜਿਸਟਰਡ ਚੈਰਿਟੀ ਜਾਂ ਗੈਰ-ਲਾਭ ਸੰਗਠਨ ਵੱਲੋਂ ਆਯੋਜਿਤ ਨਹੀਂ ਕੀਤਾ ਗਿਆ ਹੈ, ਤਾਂ ਇਸਨੂੰ ਟਾਊਨ ਵੱਲੋਂ "ਮਿਊਨਿਸਿਪਲੀ ਵਿਸ਼ੇਸ਼" ਵਜੋਂ ਨਿਯੁਕਤ ਕੀਤੇ ਜਾਣ ਦੀ ਲੋੜ ਹੋਵੇਗੀ।

ਇਸ ਨਿਯੁਕਤੀ ਨੂੰ ਕਾਉਂਸਿਲ ਵੱਲੋਂ ਮਨਜ਼ੂਰ ਕੀਤੇ ਜਾਣ ਦੀ ਲੋੜ ਹੋ ਸਕਦੀ ਹੈ।

ਕਿਰਪਾ ਕਰਕੇ ਆਪਣੇ ਕਾਰਜਕਰਮ ਬਾਰੇ ਘੱਟੋ-ਘੱਟ 60 ਦਿਨ ਪਹਿਲਾਂ ਟਾਊਨ ਨੂੰ ਸੂਚਿਤ ਕਰੋ।

ਜੇਕਰ ਤੁਹਾਨੂੰ ਸਪੈਸ਼ਲ ਓਕੇਜਨ ਪਰਮਿਟ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸਰਵਿਸ ਕੈਲਡਨ ਨੂੰ 905-584-2272 x 7750 ਤੇ ਸੰਪਰਕ ਕਰੋ।

ਨੋਟਸ



ਪਾਰਕਸ ਅਤੇ ਟ੍ਰੈਲਸ

ਕੈਲਡਨ ਦੀਆਂ ਵਿਸ਼ਾਲ ਕੁਦਰਤੀ ਅਤੇ ਖੂਬਸੂਰਤ ਹਰੀਆਂ-ਭਰੀਆਂ ਥਾਵਾਂ ਟਾਊਨ ਅਤੇ ਇਸਤੋਂ ਬਾਹਰ ਦੀਆਂ ਕਈ ਕਮਿਉਨਿਟੀਜ ਦੇ ਵਸਨੀਕਾਂ ਨੂੰ ਆਕਰਸ਼ਿਤ ਕਰਦੀਆਂ ਹਨ। ਘੁੰਮਣ ਵਾਸਤੇ *260* ਕਿ.ਮੀ. ਤੋਂ ਵੱਧ ਦੀਆਂ ਟ੍ਰੇਲਾਂ ਹਨ, ਜਿਵੇਂ ਕੈਲਡਨ ਟ੍ਰੇਲਵੇ *(Caledon Trailway), 36* ਕਿ.ਮੀ. ਰੂਟ, ਜੋ ਹਾਈਕਰਾਂ, ਘੁੜਸਵਾਰਾਂ, ਸਾਈਕਲ ਸਵਾਰਾਂ ਅਤੇ ਕ੍ਰੌਸ-ਕੰਟ੍ਰੀ ਸਕੀਇੰਗ ਕਰਨ ਵਾਲਿਆਂ ਲਈ ਸ਼ਾਨਦਾਰ ਹਨ।

ਫੈਸਿਲਿਟੀਜ

ਸਾਡੇ ਪਾਰਕ ਅਤੇ ਫੈਸਿਲਿਟੀਜ ਪੂਰੇ ਕੈਲਡਨ ਵਿੱਚ ਸਥਿਤ ਹਨ ਅਤੇ ਹਰ ਉਮਰ ਦੇ ਲੋਕਾਂ ਨੂੰ ਇਨਡੋਰ ਮਨੋਰੰਜਨ ਅਤੇ ਸ਼ਾਨਦਾਰ ਬਾਹਰਲੀਆਂ ਥਾਵਾਂ ਪ੍ਰਦਾਨ ਕਰਦੇ ਹਨ, ਜਿਹਨਾਂ ਵਿੱਚ ਸ਼ਾਮਲ ਹਨ:

- ਸੌਕਰ ਫੀਲਡਸ
- ਬਾਸਕੇਟਬਾਲ ਅਤੇ ਟੈਨਿਸ ਕੋਰਟਾਂ
- ਬੀਚ ਵਾਲੀਬਾਲ ਕੋਰਟਾਂ
- ਪਹੁੰਚਯੋਗ ਪਲੇਗ੍ਰਾਊਂਡ
- ਸਕੇਟਬੋਰਡ ਪਾਰਕ
- ਆਊਟਡੋਰ ਸਕੇਟਿੰਗ ਰਿੰਕ
- ਬੱਾਲ ਡਾਇਮੰਡਸ
- ਸਪਲੈਸ਼ ਪੈਡਸ
- ਪਿਕਨਿਕ ਵਾਲੇ ਖੇਤਰ

ਟਾਊਨ ਔਫ ਕੈਲਡਨ ਦੇ ਪਾਰਕ ਅਤੇ ਫੈਸਿਲਿਟੀਜ ਆਮ ਤੌਰ ਤੇ ਸਵੇਰੇ 7 ਵਜੇ ਤੋਂ ਰਾਤ 11 ਵਜੇ ਤੱਕ ਖੁੱਲ੍ਹੀਆਂ ਰਹਿੰਦੀਆਂ ਹਨ।

ਸੰਪਰਕ ਜਾਣਕਾਰੀ ਲਈ, ਜਾਂ ਆਪਣੇ ਨੇੜੇ ਪਾਰਕ ਜਾਂ ਖਾਸ ਸਹੂਲਤਾਂ ਲੱਭਣ ਲਈ, ਕਿਰਪਾ ਕਰਕੇ caledon.ca/facilities ਤੇ ਜਾਓ।

ਜੇਕਰ ਤੁਸੀਂ ਸਾਡੇ ਪਾਰਕਾਂ ਜਾਂ ਫੈਸਿਲਿਟੀਜ ਵਿੱਚੋਂ ਕਿਸੇ ਇੱਕ ਵਿਖੇ ਕਾਰਜਕਰਮ ਆਯੋਜਿਤ ਕਰਨਾ ਚਾਹੁੰਦੇ ਹਾਂ, ਤਾਂ ਕਿਰਪਾ ਕਰਕੇ ਟਾਊਨ ਦੀ ਰੇਕ੍ਰੀਏਸ਼ਨ ਟੀਮ ਨੂੰ 905-584-2272 x 4235 ਤੇ ਸੰਪਰਕ ਕਰੋ ਅਤੇ ਉਹ ਬੁਕਿੰਗ ਪ੍ਰਕਿਰਿਆ ਵਿੱਚ ਤੁਹਾਡੀ ਮਦਦ ਕਰਨਗੇ।



ਪਾਰਕਾਂ ਨੂੰ ਕਾਇਮ ਰੱਖਣ ਵਿੱਚ ਮਦਦ ਕਰੋ

ਟਾਊਨ ਦੀ ਪ੍ਰਾਪਰਟੀ ਵਜੋਂ, ਕਮਿਉਨਿਟੀ ਨੂੰ ਲੈਂਡਸਕੇਪ ਵਾਲਾ ਵਾਤਾਵਰਣ ਪ੍ਰਦਾਨ ਕਰਨ ਅਤੇ ਕੁਦਰਤੀ ਗ੍ਰੀਨਸਪੇਸ ਨੂੰ ਕਾਇਮ ਰੱਖਣ ਲਈ ਸਾਡੇ ਪਾਰਕਾਂ ਦੀ ਸੰਭਾਲ ਕੀਤੀ ਜਾਂਦੀ ਹੈ। ਤੁਸੀਂ ਸਾਡੇ ਪਾਰਕਾਂ ਵਿੱਚ ਪੌਦੇ ਨਾ ਲਗਾ ਕੇ, ਕਿਸੇ ਵੀ ਰੁੱਖਾਂ ਜਾਂ ਪੇੜ-ਪੌਦਿਆਂ ਨੂੰ ਨਾ ਕੱਟ ਕੇ ਜਾਂ ਦਖਲ ਨਾ ਦੇ ਕੇ ਅਤੇ ਜ਼ਮੀਨ ਤੇ ਕੂੜਾ ਜਾਂ ਮਲਬਾ ਨਾ ਸੁੱਟ ਕੇ ਉਹਨਾਂ ਦੀ ਦੇਖਭਾਲ ਵਿੱਚ ਮਦਦ ਕਰ ਸਕਦੇ ਹੋ।

ਜੇਕਰ ਤੁਹਾਡੀ ਪ੍ਰਾਪਰਟੀ ਕਿਸੇ ਪਾਰਕ ਦੀ ਸੀਮਾ ਤੇ ਹੈ, ਜੋ ਵਾੜ ਜਾਂ ਸਟ੍ਰਕਚਰ ਤੁਸੀਂ ਬਣਾਉਂਦੇ ਹੋ, ਉਹ ਪੂਰੀ ਤਰ੍ਹਾਂ ਤੁਹਾਡੀ ਪ੍ਰਾਪਰਟੀ ਲਾਈਨਾਂ ਦੇ ਅੰਦਰ ਹੋਣੇ ਚਾਹੀਦੇ ਹਨ। ਕਿਰਪਾ ਕਰਕੇ ਧਿਆਨ ਦਿਓ, ਨਿੱਜੀ ਪਹੁੰਚ ਦੀ ਇਜਾਜ਼ਤ ਲਈ ਵਾੜ ਵਿੱਚ ਗੇਟ ਨਹੀਂ ਲਗਾਏ ਜਾ ਸਕਦੇ। ਅਖੀਰ ਵਿੱਚ, ਸਟੌਰਮ ਵਾਟਰ ਪ੍ਰਬੰਧਨ ਤਲਾਬਾਂ ਨੂੰ ਵਰਖਾ ਦਾ ਪਾਣੀ ਨਿਯੰਤਰਿਤ ਕਰਨ ਅਤੇ ਹੜ੍ਹ ਨੂੰ ਰੋਕਣ ਲਈ ਸਾਵਧਾਨੀ ਨਾਲ ਤਿਆਰ ਕੀਤਾ ਗਿਆ ਹੈ ਅਤੇ ਲਾਜ਼ਮੀ ਤੌਰ ਤੇ ਕਿਸੇ ਵੀ ਤਰ੍ਹਾਂ ਉਹਨਾਂ ਵਿੱਚ ਦਾਖਲ ਨਾ ਹੋਵੇ ਜਾਂ ਬਦਲਾਅ ਨਾ ਕਰੋ।

ਮੋਟਰ ਵਾਲੇ ਵਾਹਨ

ਸਾਡੇ ਪਾਰਕਾਂ ਨੂੰ ਸੁਰੱਖਿਅਤ ਅਤੇ ਖੂਬਸੂਰਤ ਰੱਖਣ ਲਈ, ਮੋਟਰ ਵਾਹਨ ਸਿਰਫ ਸੜ੍ਹਕ ਮਾਰਗਾਂ ਤੇ ਚਲਾਏ ਅਤੇ ਨਿਯਤ ਥਾਵਾਂ ਵਿੱਚ ਪਾਰਕ ਕੀਤੇ ਜਾ ਸਕਦੇ ਹਨ ਅਤੇ ਲਾਜ਼ਮੀ ਤੌਰ ਤੇ ਉਹਨਾਂ ਨੂੰ ਪਾਰਕ ਦੀ ਜ਼ਮੀਨ ਤੇ ਨਹੀਂ ਚਲਾਇਆ ਜਾ ਸਕਦਾ। ਮੋਟਰ ਵਾਲੇ ਮਨੋਰੰਜਨ ਸਬੰਧੀ ਵਾਹਨ, ਜਿਵੇ ਸਨੋਮੋਬਾਈਲਸ, ਡਰਟ ਬਾਈਕਸ ਅਤੇ ATV ਨੂੰ, ਕੁਝ ਇਜਾਜ਼ਤ ਦਿੱਤੇ ਖੇਤਰਾਂ ਦੀ ਛੋਟ ਦੇ ਸਿਵਾਏ ਪਾਰਕਾਂ ਵਿੱਚ ਜਾਂ ਟ੍ਰੇਲਾਂ ਤੇ ਚਲਾਉਣ ਦੀ ਇਜਾਜ਼ਤ ਨਹੀਂ ਹੈ।



ਪਾਰਕ ਅਤੇ ਟ੍ਰੇਲਾਂ

ਪਾਰਕਾਂ ਅਤੇ ਟ੍ਰੇਲਾਂ ਨੂੰ ਹਰ ਕਿਸੇ ਲਈ ਅਨੰਦ ਮਾਣਨ ਦੀਆਂ ਥਾਵਾਂ ਬਣਾਏ ਰੱਖਣ ਵਿੱਚ ਮਦਦ ਲਈ, ਕਿਰਪਾ ਕਰਕੇ:

- ਪਾਰਕ ਵਿੱਚ ਲਗਾਏ ਗਏ ਸਾਈਨ ਬੋਰਡਾਂ ਦੀ ਪਾਲਣਾ ਕਰੋ;
- ਪਾਰਕ ਵਿੱਚ ਖਿਲਾਰਾ ਨਾ ਪਾਓ ਜਾਂ ਕੋਈ ਵੀ ਬੇਕਾਰ ਚੀਜ਼ਾਂ ਨਾ ਸੁੱਟੋ;
- ਸਿਰਫ ਪ੍ਰੋਪੇਨ ਬਾਰਬੇਕਿਊ ਦੀ ਹੀ ਵਰਤੋਂ ਕਰੋ ਅਤੇ ਕਦੇ ਵੀ ਉਸਨੂੰ ਛੱਡ ਕੇ ਨਾ ਜਾਓ;
- ਅਲਕੋਹਲ ਜਾਂ ਰੇਕ੍ਰੀਏਸ਼ਨਲ ਕੈਨਬੀਜ ਦਾ ਸੇਵਨ ਨਾ ਕਰੋ ਜਾਂ ਦੂਜਿਆਂ ਨੂੰ ਨਾ ਕਰਾਓ;
- ਸਾਰੇ ਜਾਨਵਰਾਂ ਨੂੰ ਆਪਣੇ ਨਿਯੰਤਰਣ ਵਿੱਚ ਰੱਖੋ, ਜਿਵੇਂ ਕੁੱਤੇ ਅਤੇ ਘੋੜੇ;
- ਪਾਰਕ ਵਿੱਚ ਕਿਸੇ ਹੋਰ ਵਿਅਕਤੀ ਨੂੰ ਪਰੇਸ਼ਾਨ ਕਰਨ ਤੋਂ ਬਚਣ ਲਈ ਸ਼ੋਰ ਘੱਟ ਕਰੋ।

ਪਾਰਕਾਂ ਨੂੰ ਅਜਿਹੀਆਂ ਥਾਵਾਂ ਬਣਾਉਣ ਵਿੱਚ ਮਦਦ ਲਈ ਧੰਨਵਾਦ, ਜਿੱਥੇ ਸਾਡੀ ਕਮਿਉਨਿਟੀ ਇਕੱਠੀ ਹੋ ਸਕਦੀ ਹੈ!

ਪੂਰੇ ਕੈਲਡਨ ਵਿੱਚ ਕਈ ਖੂਬਸੂਰਤ ਟ੍ਰੇਲਾਂ ਬਾਰੇ ਪਤਾ ਕਰਨ ਲਈ, ਸਾਡੀ ਵੈਬਸਾਈਟ ਤੇ ਇੰਟਰਐਕਟਿਵ ਨਕਸ਼ੇ ਤੇ ਜਾਓ।

ਵਧੇਰੇ ਜਾਣਕਾਰੀ, caledon.ca/trails ਤੇ ਲਵੋ।

ਨੋਟਸ



ਸੁਰੱਖਿਆ

ਸੁਰੱਖਿਅਤ ਮਹਿਸੂਸ ਕਰਨਾ ਅਤੇ ਜੇਕਰ ਤੁਹਾਨੂੰ ਮਦਦ ਦੀ ਲੋੜ ਹੋਵੇ ਤਾਂ ਵਸੀਲੇ ਮਿਲਣਾ, ਸਿਹਤਮੰਦ ਕਮਿਉਨਿਟੀ ਦੀਆਂ ਮਹੱਤਵਪੂਰਣ ਮੂਲ ਚੀਜ਼ਾਂ ਹਨ। ਸਾਡੀ ਗਾਈਡ ਦੇ ਇਸ ਭਾਗ ਵਿੱਚ, ਅਸੀਂ ਨਿੱਜੀ ਅਤੇ ਗਵਾਂਢ ਦੀ ਸੁਰੱਖਿਆ ਨਾਲ ਸਬੰਧਿਤ ਕੁਝ ਲਾਭਕਾਰੀ ਜਾਣਕਾਰੀ ਅਤੇ ਕਈ ਵਸੀਲੇ ਸ਼ਾਮਲ ਕਰਾਂਗੇ।

ਅਪਰਾਧ ਦੀ ਰੋਕਥਾਮ

ਲੋਕਾਂ ਨੂੰ ਇਹੀ ਲੱਗਦਾ ਹੈ ਕਿ ਸੇਂਧਮਾਰੀ ਬੱਸ ਭੌਤਿਕ ਨੁਕਸਾਨ ਹੀ ਪਹੁੰਚਾਉਂਦੀ ਹੈ - ਯਾਨੀ, ਤੁਹਾਡੇ ਘਰ ਵਿੱਚ ਅਵੈਧ ਪਹੁੰਚ ਅਤੇ ਵਸਤਾਂ ਚੋਰੀ ਕੀਤੀਆਂ ਜਾਂ ਤੋੜੀਆਂ ਜਾਂਦੀਆਂ ਹਨ। ਪਰੰਤੂ ਸੇਂਧ ਦਾ ਵਿਅਕਤੀ ਦੀ ਮਾਨਸਿਕ ਸਿਹਤ ਤੇ ਵੀ ਨਕਾਰਾਤਮਕ ਅਸਰ ਪੈਂਦਾ ਹੈ। ਪੀੜਿਤ ਅਕਸਰ ਉਲੰਘਣਾ ਦੇ ਅਹਿਸਾਸ ਬਾਰੇ ਗੱਲ ਕਰਦੇ ਹਨ, ਜੋ ਡਰ, ਗੁੱਸੇ ਅਤੇ ਭਾਵਨਾਤਾਮਕ ਕਸ਼ਟ ਵਰਗੀਆਂ ਭਾਵਨਾਵਾਂ ਪੈਦਾ ਕਰਦਾ ਹੈ - ਖਾਸ ਕਰਕੇ ਬੱਚਿਆਂ ਅਤੇ ਬਜ਼ੁਰਗਾਂ ਵਿੱਚ।

ਖੁਦ ਨੂੰ ਅਤੇ ਆਪਣੇ ਘਰ ਨੂੰ ਬਚਾਉਣ ਲਈ, ਪੇਸ਼ੇਵਰ ਸਲਾਹ ਦਿੰਦੇ ਹਨ ਕਿ ਹੋਮ ਅਲਾਰਮ ਸਿਸਟਮ ਅਤੇ ਸਿਕਿਓਰਿਟੀ ਕੈਮਰੇ ਲਗਾਓ ਅਤੇ ਕਿਸੇ ਦਿੱਸਣ ਵਾਲੀ ਥਾਂ ਤੇ ਅਲਾਰਮ ਕੰਪਨੀ ਦਾ ਡਿਕਲ ਡਿਸਪਲੇ ਕਰਕੇ ਰੱਖੋ।

ਤੁਹਾਡੇ ਘਰ ਨੂੰ ਸੁਰੱਖਿਅਤ ਰੱਖਣ ਲਈ ਸੁਝਾਅ

- ਜੇਕਰ ਤੁਸੀਂ ਘਰੋਂ ਦੂਰ ਹੋਵੋ, ਤਾਂ ਯਕੀਨੀ ਬਣਾਓ ਕਿ ਤੁਹਾਡਾ ਘਰ ਇਵੇਂ ਦਿਖਾਈ ਦੇਵੇ ਕਿ ਉਸ ਵਿੱਚ ਕੋਈ ਹੈ। ਡਾਕ ਇਕੱਤਰ ਕਰਨ, ਘਾਹ ਕੱਟਣ, ਪੱਤੇ ਹਟਾਉਣ ਅਤੇ ਆਪਣੇ ਡ੍ਰਾਈਵਵੇ ਨੂੰ ਬੇਲਚੇ ਨਾਲ ਸਾਫ ਕਰਨ ਦਾ ਪ੍ਰਬੰਧ ਕਰੋ।
- ਸੋਸ਼ਲ ਮੀਡੀਆ ਤੇ ਕੁਝ ਵੀ ਪੋਸਟ ਕਰਨ ਤੋਂ ਬਚਣ ਦਾ ਧਿਆਨ ਰੱਖੋ, ਜਿਸ ਨਾਲ ਦੂਜਿਆਂ ਨੂੰ ਪਤਾ ਲੱਗ ਜਾਵੇਗਾ ਕਿ ਤੁਸੀਂ ਘਰ ਨਹੀਂ ਹੋ।
- ਆਪਣੇ ਸਲਾਈਡਿੰਗ ਸ਼ੀਸ਼ੇ ਦੇ ਦਰਵਾਜ਼ਿਆਂ ਨੂੰ ਵਿਵਸਾਇਕ ਤੌਰ ਤੇ ਉਪਲਬਧ ਬਾਰਸ ਜਾਂ ਤਾਲਿਆਂ ਨਾਲ ਸੁਰੱਖਿਅਤ ਕਰੋ ਜਾਂ ਡੋਰ ਟ੍ਰੈਕ ਤੇ ਲੱਕੜ ਦੀ ਗੱਟੀ ਜਾਂ ਟੁੱਟੀ ਹੋਈ ਹਾਕੀ ਸਟਿੱਕ ਲਗਾਓ।
- ਅਸਾਨੀ ਨਾਲ ਟੁੱਟਣ ਤੋਂ ਬਚਾਉਣ ਲਈ ਹੇਠਲੀ ਮੰਜ਼ਲ ਤੇ ਸਥਿਤ ਖਿੜਕੀਆਂ ਅਤੇ ਸ਼ੀਸੇ ਦੇ ਦਰਵਾਜ਼ਿਆਂ ਤੇ ਸਾਫ ਪਲਾਸਟਿਕ ਸਿਕਿਓਰਿਟੀ ਫਿਲਮ ਲਗਾਉਣ ਬਾਰੇ ਸੋਚੋ।
- ਦਾਖਲ ਹੋਣ ਵਾਲੇ ਰਸਤਿਆਂ ਅਤੇ ਬੈਕਯਾਰਡਾਂ ਵਿੱਚ ਰੋਸ਼ਨੀ ਰੱਖਣ ਲਈ ਮੋਸ਼ਨ ਲਾਈਟਾਂ ਲਗਾਓ ਜਾਂ ਬਾਹਰਲੀਆਂ ਲਾਈਟਾਂ ਨੂੰ ਜਗਦਾ ਛੱਡ ਦਿਓ।
- ਦਰਵਾਜੇ ਤੇ ਚੰਗੀ ਕਿਸਮ ਦਾ ਡੈਡਬੋਲਟ ਲੌਕ ਅਤੇ ਡੋਰ ਫ੍ਰੇਮ ਤੇ ਸਟ੍ਰਾਈਕ ਪਲੇਟ ਲਗਾਓ।
- ਜਦੋਂ ਤੁਸੀਂ ਘਰ ਵਿੱਚ ਹੋਵੋ ਤਾਂ ਆਪਣੇ ਗੈਰਾਜ ਦੇ ਦਰਵਾਜ਼ਿਆਂ ਤੇ ਤਾਲਾ ਲਗਾ ਕੇ ਰੱਖੋ।
- ਝਾੜੀਆਂ ਕੱਟੋ, ਤਾਂ ਜੋ ਦਰਵਾਜ਼ੇ ਅਤੇ ਖਿੜਕੀਆਂ ਵਿੱਚ ਰੁਕਾਵਟ ਨਾ ਹੋਵੇ।
- ਜੇਕਰ ਤੁਸੀਂ ਥੋੜ੍ਹੇ ਸਮੇਂ ਲਈ ਬਾਹਰ ਜਾ ਰਹੇ ਹੋ, ਤਾਂ ਆਪਣੇ ਦਰਵਾਜ਼ੇ ਅਤੇ ਖਿੜਕੀਆਂ ਤੇ ਤਾਲਾ ਲਗਾਓ।
- ਉਹਨਾਂ ਗੈਰਾਜਾਂ ਅਤੇ ਸ਼ੈੱਡਸ ਵਿੱਚ ਸਾਰੇ ਕੀਮਤੀ ਬਾਹਰੀ ਉਪਕਰਨ ਅਤੇ ਸਾਇਕਲ ਸਟੋਰ ਕਰੋ, ਜੋ ਸੁਰੱਖਿਅਤ ਹੋਣ।
- ਕੀਮਤੀ ਵਸਤਾਂ ਨੂੰ ਆਪਣੇ ਘਰ ਦੇ ਅੰਦਰ ਕਿਸੇ ਅਲਗ ਥਾਂ ਤੇ ਸਟੋਰ ਕਰੋ - ਮਾਸਟਰ ਬੈੱਡਰੂਮ ਵਿੱਚ ਨਹੀਂ! ਦਸਤਾਵੇਜ਼ ਉਦੇਸ਼ਾਂ ਵਾਸਤੇ ਨਿੱਜੀ ਪ੍ਰਾਪਰਟੀ ਦੇ ਸੀਰੀਅਲ ਨੰਬਰ ਲਿਖ ਕੇ ਰੱਖਣ ਅਤੇ ਫੋਟੋਆਂ ਖਿੱਚ ਕੇ ਰੱਖਣ ਬਾਰੇ ਸੋਚੋ।

ਨੇਬਰਹੁੱਡ ਵਾਚ

ਜੇਕਰ ਤੁਸੀਂ ਆਪਣੀ ਕਮਿਉਨਿਟੀ ਵਿੱਚ ਨੇਬਰਹੁੱਡ ਵਾਚ (Neighbourhood Watch) ਪ੍ਰੋਗਰਾਮ ਨਾਲ ਨਹੀਂ ਜੁੜੇ ਹੋ, ਤਾਂ ਸ਼ਾਇਦ ਹੁਣ ਜੁੜਨ ਦਾ ਸਮਾਂ ਆ ਗਿਆ ਹੈ! ਜੇਕਰ ਤੁਹਾਡੇ ਖੇਤਰ ਵਿੱਚ ਨੇਬਰਹੁੱਡ ਵਾਚ ਪ੍ਰਭਾਵੀ ਨਹੀਂ ਹੈ, ਤਾਂ ਓਨਟੈਰੀਓ ਪ੍ਰੋਵਿੰਸ ਪੁਲਿਸ - ਕੈਲਡਨ (Ontario Provincial Police - Caledon) (OPP) ਸਲਾਹ ਦਿੰਦੀ ਹੈ ਕਿ ਤੁਸੀਂ ਇਸਨੂੰ ਸ਼ੁਰੂ ਕਰੋ।

ਨੇਬਰਹੁੱਡ ਵਾਚ ਇੱਕ ਗ੍ਰਾਸਰੂਟਸ ਕ੍ਰਾਈਮ ਪ੍ਰੀਵੈਨਸ਼ਨ ਪ੍ਰੋਗਰਾਮ (ਮੂਲ ਅਪਰਾਧ ਰੋਕਥਾਮ ਪ੍ਰੋਗਰਾਮ) ਹੈ, ਜੋ 1960 ਤੋਂ ਉੱਤਰੀ ਅਮਰੀਕਾ (North America) ਵਿੱਚ ਲਾਗੂ ਹੈ। ਇਹ ਅਪਰਾਧ ਨੂੰ ਰੋਕਣ ਅਤੇ ਕਮਿਉਨਿਟੀਜ ਨੂੰ ਸੁਰੱਖਿਅਤ ਬਣਾਉਣ ਵਿੱਚ ਨਾਗਰਿਕਾਂ ਅਤੇ ਪੁਲਿਸ ਨੂੰ ਇਕੱਠਾ ਲਿਆਉਂਦਾ ਹੈ। ਤੁਸੀਂ, ਆਪਣੇ ਗਵਾਂਢੀਆਂ ਦੇ ਨਾਲ ਮਿਲ ਕੇ, ਆਪਣੀ ਕਮਿਉਨਿਟੀ ਦੀਆਂ ਅੱਖਾਂ ਅਤੇ ਕੰਨ ਬਣ ਸਕਦੇ ਹੋ। ਪੁਲਿਸ ਦਾ ਕੰਮ ਹੱਥ ਅਤੇ ਪੈਰ ਬਣਨਾ ਹੁੰਦਾ ਹੈ – ਕੈਲਡਨ OPP, ਕਮਿਉਨਿਟੀ ਦੀਆਂ ਚਿੰਤਾਵਾਂ ਅਤੇ ਅਪਰਾਧਾਂ ਨੂੰ ਦੂਰ ਕਰਨ ਵਿੱਚ ਮਦਦ ਲਈ ਤੁਹਾਡੇ ਨਾਲ ਮਿਲ ਕੇ ਕੰਮ ਕਰੇਗੀ।

ਓਨਟੈਰੀਓ ਪ੍ਰੋਵਿੰਸੀਅਲ ਪੁਲਿਸ (OPP) ਕੈਲਡਨ

ਜਦੋਂ ਤੁਸੀਂ ਕਿਸੇ ਸ਼ੱਕੀ ਵਿਅਕਤੀਆਂ, ਵਾਹਨਾਂ ਨੂੰ ਅਤੇ/ਜਾਂ ਗਤੀਵਿਧੀਆਂ ਦੇਖੋ ਤਾਂ ਇਸਦੀ ਰਿਪੋਰਟ ਕਰੋ!

ਐਮਰਜੈਂਸੀ ਸਥਿਤੀਆਂ ਲਈ 9-1-1 ਡਾਇਲ ਕਰੋ।

ਗੈਰ-ਐਮਰਜੈਂਸੀ ਸਥਿਤੀਆਂ ਲਈ, ਓਨਟੈਰੀਓ ਵਿੱਚ ਕਿਤੇ ਵੀ, ਦਿਨ ਵਿੱਚ 24 ਘੰਟੇ, 1-888-310-1122 ਜਾਂ 1-888-310-1133 (TTY) ਤੇ, ਟੋਲ-ਫ੍ਰੀ ਫੋਨ ਕਰੋ।

ਕੈਲਡਨ OPP ਡਿਟੈਚਮੈਂਟ (Caledon OPP Detachment) ਨੂੰ ਸੰਪਰਕ ਕਰਨ ਲਈ, ਸੋਮਵਾਰ ਤੋਂ ਸ਼ੁੱਕਰਵਾਰ, (ਛੁੱਟੀਆਂ ਨੂੰ ਛੱਡ ਕੇ) ਸਵੇਰੇ 8:30 ਵਜੇ ਤੋਂ ਸ਼ਾਮ 5:00 ਵਜੇ ਤੱਕ, 905-584-2241 ਤੇ ਫੋਨ ਕਰੋ।

ਡਿਟੈਚਮੈਂਟ,15924 ਇਨਿੰਸ ਲੇਕ ਰੋਡ (15924 Innis Lake Road) ਵਿਖੇ ਸਥਿਤ ਹੈ, ਕੈਲਡਨ ਈਸਟ (Caledon East) ਵਿੱਚ ਓਲਡ ਚਰਚ ਰੋਡ (Old Church Road) ਦੇ ਦੱਖਣ ਵਿੱਚ।

ਵਧੇਰੇ ਜਾਣਕਾਰੀ, caledon.ca/opp ਤੇ ਲਵੋ।

ਅੱਗ ਲੱਗਣਾ

ਜੇਕਰ ਤੁਸੀਂ ਓਪਨ ਫਾਇਰ ਕਰਨ ਵਾਲੇ ਹੋ, ਤਾਂ ਤੁਹਾਨੂੰ ਬਰਨ ਪਰਮਿਟ ਦੀ ਲੋੜ ਹੋਵੇਗੀ। ਤੁਸੀਂ ਇਸਨੂੰ ਔਨਲਾਈਨ, burnpermits.caledon.ca ਤੇ, ਸਰਵਿਸ ਕੈਲਡਨ (ਟਾਊਨ ਹਾਲ) ਵਿਖੇ ਜਾਂ 6215 ਓਲਡ ਚਰਚ ਰੋਡ (6215 Old Church Road) ਵਿਖੇ ਸਥਿਤ ਕੈਲਡਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ (Caledon Fire and Emergency Services) ਐਡਮਿਨਿਸਟ੍ਰੇਸ਼ਨ ਦਫਤਰ ਵਿਖੇ ਖਰੀਦ ਸਕਦੇ ਹੋ।

ਓਪਨ ਏਅਰ ਫਾਇਰ ਦੀ ਇਜਾਜ਼ਤ, ਅੱਧੇ ਏਕੜ (.2 ਹੈਕਟੇਅਰ) ਦੇ ਨਿਊਨਤਮ ਅਕਾਰ ਵਾਲੇ ਲੌਟਸ ਤੇ ਹੈ, ਇੱਕ ਘਣਾਕਾਰ ਮੀਟਰ ਦੇ ਅਕਾਰ ਤੱਕ ਸੀਮਿਤ ਹੈ ਅਤੇ ਸਿਰਫ ਟਾਹਣੀਆਂ, ਡਾਲੀਆਂ ਅਤੇ ਇਹੋ ਜਿਹੀਆਂ ਹੋਰ ਸਮੱਗਰੀਆਂ ਜਲਾਈਆਂ ਜਾ ਸਕਦੀਆਂ ਹਨ। ਪੱਤਿਆਂ, ਘਾਹ, ਦਬਾਅ-ਸੰਸਾਧਿਤ ਲੱਕੜ, ਉਸਾਰੀ ਵਾਲੀਆਂ ਸਮੱਗਰੀਆਂ, ਪਲਾਸਟਿਕ ਅਤੇ ਰੱਦੀ ਨੂੰ ਜਲਾਉਣ ਤੇ ਸਖਤ ਪਾਬੰਦੀ ਹੈ।

ਰੇਕ੍ਰੀਏਸ਼ਨਲ ਫਾਇਰ ਲਾਜ਼ਮੀ ਤੌਰ ਤੇ ਕਿਸੇ ਗੈਰ-ਜਲਨਸ਼ੀਲ ਸਤ੍ਹਾ ਤੇ ਸਪਾਰਕ ਅਰੈਸਟਰ ਵਾਲੇ ਬਾਹਰਲੇ ਫਾਇਰਪਲੇਸ ਵਿੱਚ ਲਗਾਈ ਜਾਣੀ ਚਾਹੀਦੀ ਹੈ। ਕਿਰਪਾ ਕਰਕੇ ਸਿਰਫ ਸਾਫ, ਸੁੱਕੀ ਸੀਜਨਡ ਫਾਇਰਵੁੱਡ ਹੀ ਜਲਾਓ।

ਜਲਾਉਣ ਤੋਂ ਪਹਿਲਾਂ ਜਾਂਚ ਕਰੋ!

?

ਕੀ ਤੁਹਾਡੇ ਸਵਾਲ ਹਨ?

ਇਸਤੋਂ ਪਹਿਲਾਂ ਕਿ ਤੁਸੀਂ ਅੱਗ ਜਲਾਓ, burnpermits.caledon.ca ਤੇ ਮੌਜੂਦਾ ਫਾਇਰ ਖਤਰਾ ਰੇਟਿੰਗ ਦੇਖੋ ਜਾਂ 905-584-2272 x 4343 ਤੇ ਫੋਨ ਕਰੋ।

ਪਟਾਕੇ

ਕਿਰਪਾ ਕਰਕੇ ਧਿਆਨ ਵਿੱਚ ਰੱਖੋ ਕਿ 26 ਅਪ੍ਰੈਲ, 2022 ਤੋਂ, ਕੈਲਡਨ ਵਿੱਚ ਨਾ ਤਾਂ ਨਿੱਜੀ ਤੌਰ ਤੇ ਪਟਾਕੇ ਚਲਾਉਣ ਅਤੇ ਨਾ ਹੀ ਘਰੇਲੂ ਪਟਾਕੇ ਵੇਚਣ ਦੀ ਇਜਾਜ਼ਤ ਹੈ।

ਪਟਾਕਿਆਂ ਸਬੰਧੀ ਨਵਾਂ ਬਾਇ-ਲਾਅ ਪਟਾਕਿਆਂ ਦੇ ਵੱਡੇ ਡਿਸਪਲੇ ਲਈ ਪਰਮਿਟ ਸਿਸਟਮ ਦੀ ਵਰਤੋਂ ਕਰਦਾ ਹੈ। ਸ਼ਰਤਾਂ ਵਿੱਚ ਸ਼ਾਮਲ ਹਨ, ਪਰੰਤੂ ਇਹਨਾਂ ਤੱਕ ਹੀ ਸੀਮਿਤ ਨਹੀਂ ਹਨ, ਸੁਰੱਖਿਆ ਜਾਂਚਾਂ, ਜਵਾਬਦੇਹੀ ਉਦੇਸ਼ਾਂ ਲਈ ਉਚਿਤ ਬੀਮਾ ਅਤੇ ਲਾਇਸੈਂਸਸ਼ੁਦਾ ਡਿਸਪਲੇ ਸੁਪਰਵਾਈਜਰ (Display Supervisor) ਵੱਲੋਂ ਡਿਸਪਲੇ ਜਾਂ ਡਿਸਚਾਰਜ।

ਵਧੇਰੇ ਜਾਣਕਾਰੀ, caledon.ca/fireworks ਤੇ ਲਵੋ।

ਧੂੰਏਂ ਦੇ ਅਤੇ ਕਾਰਬਨ ਮੋਨੋਆਕਸਾਈਡ ਅਲਾਰਮ

ਜੇਕਰ ਤੁਹਾਡਾ ਘਰ 1 ਜਨਵਰੀ, 2014 ਤੋਂ ਪਹਿਲਾਂ ਬਣਿਆ ਸੀ:

ਧੂੰਏਂ ਦੇ ਅਲਾਰਮ ਤੁਹਾਡੇ ਘਰ ਦੀ ਹਰੇਕ ਮੰਜ਼ਲ ਅਤੇ ਸੌਣ ਵਾਲੇ ਸਾਰੇ ਹਿੱਸਿਆਂ ਦੇ ਬਾਹਰ ਜ਼ਰੂਰੀ ਹਨ।

ਜੇਕਰ ਤੁਹਾਡਾ ਘਰ 1 ਜਨਵਰੀ, 2014 ਤੋਂ ਬਾਅਦ ਬਣਿਆ ਸੀ:

ਧੂੰਏਂ ਦੇ ਅਲਾਰਮ ਤੁਹਾਡੇ ਘਰ ਦੀ ਹਰੇਕ ਮੰਜ਼ਲ ਅਤੇ ਸੌਣ ਵਾਲੇ ਸਾਰੇ ਹਿੱਸਿਆਂ ਦੇ ਬਾਹਰ ਅਤੇ ਸੌਣ ਵਾਲੇ ਹਰੇਕ ਕਮਰੇ (ਬੈੱਡਰੂਮ) ਵਿੱਚ ਜ਼ਰੂਰੀ ਹਨ। ਤੁਹਾਨੂੰ ਟੈਸਟ ਬਟਨ ਦੀ ਵਰਤੋਂ ਕਰਦੇ ਹੋਏ ਹਰੇਕ ਮਹੀਨੇ ਆਪਣੇ ਧੂੰਏਂ ਦੇ ਸਾਰੇ ਅਲਾਰਮਾਂ ਦੀ ਜਾਂਚ ਕਰਨੀ ਚਾਹੀਦੀ ਹੈ। ਹਰੇਕ 10 ਸਾਲਾਂ ਵਿੱਚ ਆਪਣੇ ਧੂੰਏਂ ਦੇ ਅਲਾਰਮਾਂ ਨੂੰ ਬਦਲੋ, ਜੇਕਰ ਨਿਰਮਾਤਾ ਨੇ ਕਿਸੇ ਹੋਰ ਤਰ੍ਹਾਂ ਸਿਫਾਰਿਸ਼ ਨਾ ਕੀਤੀ ਹੋਵੇ।

ਕਾਰਬਨ ਮੋਨੋਆਕਸਾਈਡ ਅਲਾਰਮ ਉਹਨਾਂ ਘਰਾਂ ਵਿੱਚ ਸੌਣ ਵਾਲੇ ਸਾਰੇ ਹਿੱਸਿਆਂ ਦੇ ਬਾਹਰ ਹਰੇਕ ਘਰ ਵਿੱਚ ਜ਼ਰੂਰੀ ਹਨ, ਜਿਹਨਾਂ ਨਾਲ ਅਟੈਚਡ ਗੈਰਾਜ ਅਤੇ/ਜਾਂ ਬਾਲਣ ਨਾਲ ਬਲਣ ਵਾਲੇ ਉਪਕਰਨ ਅਤੇ/ਜਾਂ ਲੱਕੜ ਨਾਲ ਬਲਣ ਵਾਲੇ ਉਪਕਰਨ ਹਨ। ਕਾਰਬਨ ਮੋਨੋਆਕਸਾਈਡ ਅਲਾਰਮਾਂ ਦੀ ਜਾਂਚ, ਟੈਸਟ ਬਟਨ ਵਰਤਦੇ ਹੋਏ ਹਰ ਮਹੀਨੇ ਕੀਤੀ ਜਾਣੀ ਚਾਹੀਦੀ ਹੈ। ਧੂੰਏਂ ਦੇ ਅਲਾਰਮਾਂ ਵਾਂਗ ਹੀ, ਹਰੇਕ 10 ਸਾਲਾਂ ਵਿੱਚ ਆਪਣੇ ਕਾਰਬਨ ਮੋਨੋਆਕਸਾਈਡ ਅਲਾਰਮਾਂ ਨੂੰ ਬਦਲੋ, ਜੇਕਰ ਨਿਰਮਾਤਾ ਨੇ ਕਿਸੇ ਹੋਰ ਤਰ੍ਹਾਂ ਸਿਫਾਰਿਸ਼ ਨਾ ਕੀਤੀ ਹੋਵੇ।

?

ਕੀ ਤੁਹਾਡੇ ਸਵਾਲ ਹਨ?

ਕੈਲਡਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ ਨੂੰ 905-584-2272 x 4303 ਤੇ ਫੋਨ ਕਰੋ, caledon.ca/fire ਤੇ ਜਾਓ ਜਾਂ fire@caledon.ca ਤੇ ਈਮੇਲ ਭੇਜੋ।



ਨੋਟਸ



ਸੰਭਾਲ / ਨੇਮਕ ਅਥਾੱਰਿਟੀਜ਼

ਇਸਤੋਂ ਪਹਿਲਾਂ ਕਿ ਤੁਸੀਂ ਆਪਣੀ ਪ੍ਰਾਪਰਟੀ ਵਿੱਚ ਬਦਲਾਅ ਕਰੋ, ਪਤਾ ਕਰੋ ਕਿ ਕੀ ਹੋਰਾਂ ਸਰਕਾਰੀ ਏਜੰਸੀਆਂ ਨੂੰ ਸ਼ਾਮਲ ਕੀਤੇ ਜਾਣ ਦੀ ਲੋੜ ਹੈ।

ਕ੍ਰੈਡਿਟ ਵੈਲੀ ਕਨਜਰਵੇਸ਼ਨ (Credit Valley Conservation) (CVC)

CVC ਇੱਕ ਕਨਜਰਵੇਸ਼ਨ ਅਥੌਰਿਟੀ ਹੈ, ਜੋ ਉਸ ਕ੍ਰੈਡਿਟ ਰਿਵਰ (Credit River) ਵਾਟਰਸ਼ੈੱਡ ਦੇ ਅੰਦਰ ਕੁਦਰਤੀ ਵਾਤਾਵਰਣ ਨੂੰ ਸੁਰੱਖਿਅਤ ਰੱਖਣ ਅਤੇ ਬਹਾਲ ਕਰਨ ਲਈ ਜ਼ਿੰਮੇਵਾਰ ਹੈ, ਜੋ ਉੱਤਰੀ ਕੈਲਡਨ ਤੋਂ ਲੇਕ ਓਨਟੈਰੀਓ (Lake Ontario) ਤੱਕ ਜਾਂਦਾ ਹੈ। ਉਹਨਾਂ ਦੇ ਕੰਮ ਵਿੱਚ ਸ਼ਾਮਲ ਹੈ, ਪਾਣੀ ਦੀ ਕੁਆਲਿਟੀ ਨੂੰ ਸੁਰੱਖਿਅਤ ਰੱਖਣਾ ਅਤੇ ਸੁਧਾਰਨ ਦੇ ਨਾਲ-ਨਾਲ ਹੜ੍ਹ ਘਟਾਉਣਾ।

ਕੰਟ੍ਰੀਸਾਈਡ ਵਿੱਚ ਰਹਿਣ ਦੇ ਕਈ ਸ਼ਾਨਦਾਰ ਫਾਇਦੇ ਹਨ ਅਤੇ ਇਸ ਨਾਲ ਤੁਸੀਂ ਕੁਦਰਤ ਦੇ ਨਾਲ ਰਹਿ ਕੇ ਇਸਦਾ ਅਨੰਦ ਮਾਣ ਸਕਦੇ ਹੋ। ਜੇਕਰ ਤੁਸੀਂ ਕੰਟ੍ਰੀਸਾਈਡ ਵਿੱਚ ਨਵੇਂ ਹੋ, ਤਾਂ ਵਾਤਾਵਰਣ ਨੂੰ ਸੁਰੱਖਿਅਤ ਰੱਖਣ ਵਿੱਚ ਸ਼ਾਮਲ ਹੋਣ ਦਾ ਸ਼ਾਨਦਾਰ ਤਰੀਕਾ ਤੁਹਾਡੀ ਜ਼ਮੀਨ ਅਤੇ ਗਵਾਂਢੀਆਂ ਨੂੰ ਜਾਣਨਾ ਹੈ।



ਜੰਗਲੀ ਜਾਨਵਰ, ਸਤ੍ਹਾ ਅਤੇ ਭੂਮੀਗਤ ਪਾਣੀ ਪ੍ਰਾਪਰਟੀ ਲਾਈਨਾਂ ਨੂੰ ਨਹੀਂ ਪਛਾਣਦੇ, ਇਸਲਈ ਕਿਸੇ ਦੀ ਪ੍ਰਾਪਰਟੀ ਤੇ ਬਦਲਾਅ ਇਸਦੇ ਆਸਪਾਸ ਰਹਿਣ ਵਾਲਿਆਂ ਤੇ ਵੀ ਅਸਰ ਪਾਵੇਗਾ। ਆਪਣੀ ਜ਼ਮੀਨ ਨੂੰ ਜਾਣਨਾ ਸ਼ੁਰੂ ਕਰਨ ਲਈ, ਇਹ ਪੁੱਛਣ ਬਾਰੇ ਸੋਚੋ:

ਮੇਰੀ ਜ਼ਮੀਨ ਤੇ ਕਿਸ ਤਰ੍ਹਾਂ ਦੀਆਂ ਕੁਦਰਤੀ ਵਿਸ਼ੇਸ਼ਤਾਵਾਂ ਹਨ?

ਵਾਟਰਸ਼ੈੱਡ ਵਿੱਚ ਸ਼ਾਮਲ ਹਨ, ਵੱਖ-ਵੱਖ ਤਰ੍ਹਾਂ ਦੀਆਂ ਕੁਦਰਤੀ ਵਿਸ਼ੇਸ਼ਤਾਵਾਂ, ਜਿਵੇਂ ਤਲਾਬ, ਨਦੀਆਂ, ਨਹਿਰਾਂ, ਗਿੱਲੀ ਜ਼ਮੀਨ, ਜੰਗਲ ਅਤੇ ਚਰਾਂਦਾਂ, ਇਹ ਸਾਰੇ ਵਾਤਾਵਰਣ ਵਿੱਚ ਆਪੋ-ਆਪਣੀ ਭੂਮਿਕਾ ਨਿਭਾਉਂਦੇ ਹਨ।

ਕੀ ਮੈਂ CVC ਇਲਾਕੇ ਵਿੱਚ ਹਾਂ?

CVC ਨੇ ਆਪਣੀ ਵੈਬਸਾਈਟ ਤੇ ਇੱਕ ਇੰਟਰਐਕਟਿਵ ਨਕਸ਼ਾ ਦਿੱਤਾ ਹੋਇਆ ਹੈ, ਜੋ ਇਹ ਨਿਰਧਾਰਤ ਕਰਨ ਵਿੱਚ ਤੁਹਾਡੀ ਮਦਦ ਕਰਦਾ ਹੈ ਕਿ ਕੀ ਤੁਹਾਡੀ ਪ੍ਰਾਪਰਟੀ, ਨਿਯੰਤਰਿਤ ਸੀਮਾਵਾਂ ਦੇ ਅੰਦਰ ਹੈ।

ਮੇਰੀ ਪ੍ਰਾਪਰਟੀ ਤੇ ਕਿਸ ਤਰ੍ਹਾਂ ਦੇ ਜੰਗਲੀ ਜਾਨਵਰ ਰਹਿੰਦੇ ਹਨ?

ਇਹ ਪਤਾ ਲਗਾਉਣ ਲਈ ਕਿ ਤੁਹਾਡੀ ਪ੍ਰਾਪਰਟੀ ਵਿੱਚ ਕਿਸ ਤਰ੍ਹਾਂ ਦੇ ਜਾਨਵਰ ਰਹਿੰਦੇ ਹਨ, ਤੁਹਾਨੂੰ ਉਹਨਾਂ ਦੇ ਨਿਵਾਸ ਸਥਾਨਾਂ ਨੂੰ ਬਚਾਉਣ ਅਤੇ ਵਧਾਉਣ ਦਾ ਥੋੜ੍ਹਾ ਯਤਨ ਕਰਨਾ ਪਵੇਗਾ, ਜਿਵੇਂ ਦੇਸੀ ਪੌਦਿਆਂ ਵਾਲੀ ਲੈਂਡਸਕੇਪਿੰਗ। ਨਾਲ ਹੀ, ਸੋਚੋ ਕਿ ਕੀ ਕੋਈ ਜੋਖਮ ਵਾਲੀਆਂ ਅਜਿਹੀਆਂ ਕੋਈ ਉਪਜਾਤੀਆਂ ਹਨ, ਜੋ ਤੁਹਾਡੀ ਪ੍ਰਾਪਰਟੀ ਤੇ ਰਹਿੰਦੀਆਂ ਹਨ।

ਕੀ ਮੇਰੀ ਜ਼ਮੀਨ ਪ੍ਰੋਵਿੰਸੀਅਲ ਯੋਜਨਾ ਦੇ ਅਧੀਨ ਹੈ?

ਟਾਊਨ ਔਫ ਕੈਲਡਨ ਇੱਕ ਬੇਜੇਜ਼ ਕੁਦਰਤੀ ਵਾਤਾਵਰਣ ਹੈ, ਜਿਸਨੂੰ ਸੂਬੇ ਦੁਆਰਾ, ਓਕ ਰਿਜੇਸ ਮੋਰੇਨ (Oak Ridges Moraine), ਨਿਆਗਰਾ ਐਸਕਾਰਪਮੈਂਟ (Niagara Escarpment) ਅਤੇ ਗ੍ਰੀਨਬੈਲਟ (Greenbelt) ਯੋਜਨਾਵਾਂ ਨਾਲ ਸੁਰੱਖਿਅਤ ਕੀਤਾ ਜਾਂਦਾ ਹੈ। ਇਹ ਪਤਾ ਲਗਾਉਣ ਨਾਲ ਕਿ ਕੀ ਤੁਹਾਡੀ ਜ਼ਮੀਨ ਇਹਨਾਂ ਵਿੱਚੋਂ ਕਿਸੇ ਦੇ ਅੰਦਰ ਆਉਂਦੀ ਹੈ, ਇਹ ਯਕੀਨੀ ਬਣਾਉਣ ਵਿੱਚ ਮਦਦ ਮਿਲੇਗੀ ਕਿ ਤੁਸੀਂ ਕੁਦਰਤੀ ਵਿਸ਼ੇਸ਼ਤਾਵਾਂ ਨੂੰ ਸੁਰੱਖਿਅਤ ਰੱਖਣ

ਵਿੱਚ ਮਦਦ ਲਈ ਨਿਯਮਾਂ ਦੀ ਪਾਲਣਾ ਕਰਦੇ ਹੋ।

ਕੀ ਮੈਨੂੰ ਪਰਮਿਟ ਦੀ ਲੋੜ ਹੈ?

ਈਕੋਸਿਸਟਮ ਨਾਜ਼ੁਕ ਹੁੰਦੇ ਹਨ, ਇਸਲਈ ਇਹ ਨਿਰਧਾਰਤ ਕਰਨ ਲਈ ਕਿ ਪਰਮਿਟ ਜ਼ਰੂਰੀ ਹੈ ਜਾਂ ਨਹੀਂ, ਕਿਸੇ ਵੀ ਵਿਕਾਸ ਦੇ ਕੰਮ ਤੋਂ ਪਹਿਲਾਂ ਹਮੇਸ਼ਾ CVC ਨੂੰ ਪੁੱਛੋ। ਵਿਕਾਸ ਦੇ ਕੰਮਾਂ ਵਿੱਚ ਆਮ ਤੌਰ ਤੇ ਸ਼ਾਮਲ ਹੁੰਦੇ ਹਨ, ਕਿਸੇ ਵੀ ਤਰ੍ਹਾਂ ਦੀਆਂ ਬਿਲਡਿੰਗਾਂ ਜਾਂ ਸਟ੍ਰਕਚਰਾਂ ਦੀ ਉਸਾਰੀ (ਜਿਵੇਂ ਗੈਰਾਜ, ਡੈੱਕ, ਸਵਿਮਿੰਗ ਪੂਲ, ਸੈਪਟਿਕ ਸਿਸਟਮ ਅਤੇ ਸਟ੍ਰੀਮ ਕ੍ਰੌਸਿੰਗ) ਨਾਲ ਹੀ, ਜ਼ਮੀਨ ਦੀ ਗਤੀਵਿਧੀ, ਹਟਾਉਣਾ ਜਾਂ ਪਲੇਸਮੈਂਟ (ਫਿਲ ਸ਼ਾਮਲ ਕਰਨਾ, ਜਲ ਮਾਰਗ ਦਾ ਤਲ ਹੁੰਝਣਾ, ਤਲਾਬ ਖੋਦਣਾ ਜਾਂ ਲੈਂਡਸਕੇਪਿੰਗ)।

ਕੁਦਰਤੀ ਖੇਤਰਾਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰੋ। ਇਹ ਨਿਰਧਾਰਤ ਕਰਨ ਲਈ ਕਿ ਪਰਮਿਟ ਜ਼ਰੂਰੀ ਹੈ ਜਾਂ ਨਹੀਂ, ਹਮੇਸ਼ਾ CVC ਨੂੰ ਪੁੱਛੋ।

?

ਕੀ ਤੁਹਾਡੇ ਸਵਾਲ ਹਨ?

ਕ੍ਰੈਡਿਟ ਵੈਲੀ ਕਨਜਰਵੇਸ਼ਨ (Credit Valley Conservation) ਨੂੰ 905-670-1615 ਜਾਂ 1-800-668-5557 ਤੇ ਫੋਨ ਕਰੋ, cvc.ca ਤੇ ਜਾਓ ਜਾਂ recreation@cvc.ca ਤੇ ਈਮੇਲ ਭੇਜੋ।

ਨਿਆਗਰਾ ਐਸਕਾਰਪਮੈਂਟ ਕਮਿਸ਼ਨ

ਨਿਆਗਰਾ ਐਸਕਾਰਪਮੈਂਟ ਖੇਤਰ ਵਿੱਚ ਨਿਰਮਾਣ ਕਰ ਰਹੇ ਹੋ? ਤੁਹਾਨੂੰ ਡਿਵੈਲਪਮੈਂਟ ਪਰਮਿਟ ਦੀ ਲੋੜ ਹੋ ਸਕਦੀ ਹੈ।

1973 ਵਿੱਚ ਸਥਾਪਤ, ਨਿਆਗਰਾ ਐਸਕਾਰਪਮੈਂਟ ਕਮਿਸ਼ਨ (Niagara Escarpment Commission) (NEC) ਇੱਕ ਨਿਆਮਕ ਏਜੰਸੀ ਹੈ, ਜੋ ਪ੍ਰੋਵਿੰਸੀਅਲ ਸਰਕਾਰ ਤੋਂ "ਅਲਗ" ਅਤੇ ਨਿਆਗਰਾ ਐਸਕਾਰਪਮੈਂਟ ਪਲਾਨਿੰਗ ਐਂਡ ਡਿਵੈਲਪਮੈਂਟ ਐਕਟ (Niagara Escarpment Planning and Development Act) ਦੇ ਮੁਤਾਬਕ ਕੰਮ ਕਰਦੀ ਹੈ। NEC, ਨਿਆਗਰਾ ਐਸਕਾਰਪਮੈਂਟ ਪਲਾਨ (Niagara Escarpment Plan) ਦਾ ਪ੍ਰਬੰਧ ਕਰਕੇ ਇੱਕ ਨਿਰੰਤਰ ਕੁਦਰਤੀ ਲੈਂਡਸਕੇਪ ਵਜੋਂ ਨਿਆਗਰਾ ਐਸਕਾਰਪਮੈਂਟ ਨੂੰ ਸਾਂਭਣ ਅਤੇ ਸੁਰੱਖਿਅਤ ਰੱਖਣ ਲਈ ਓਨਟੈਰੀਓ ਦੇ ਲੋਕਾਂ ਦੇ ਵੱਲੋਂ ਕੰਮ ਕਰਦੀ ਹੈ।

NEC, ਅਜਿਹੀਆਂ ਨੀਤੀਆਂ ਵਿਕਸਿਤ ਕਰਨ, ਉਹਨਾਂ ਦੀ ਵਿਆਖਿਆ ਕਰਨ ਅਤੇ ਲਾਗੂ ਕਰਨ ਦਾ ਕੰਮ ਕਰਦੀ ਹੈ, ਜੋ ਐਸਕਾਰਪਮੈਂਟ ਦੀਆਂ ਬੇਜੋੜ ਵਿਸ਼ੇਸ਼ਤਾਵਾਂ ਨੂੰ ਕਾਇਮ ਰੱਖਦੀਆਂ ਅਤੇ ਵਧਾਉਂਦੀਆਂ ਹਨ।

ਕੀ ਤੁਸੀਂ ਨਿਆਗਰਾ ਐਸਕਾਰਪਮੈਂਟ ਖੇਤਰ ਵਿੱਚ ਆਪਣੀ ਪ੍ਰਾਪਰਟੀ ਦਾ ਨਿਰਮਾਣ ਜਾਂ ਬਦਲਾਅ ਕਰਵਾਉਣ ਬਾਰੇ ਸੋਚ ਰਹੇ ਹੋ?

ਜੇਕਰ ਤੁਸੀਂ ਨਿਆਗਰਾ ਐਸਕਾਰਪਮੈਂਟ ਖੇਤਰ ਵਿੱਚ ਕਿਸੇ ਵੀ ਤਰ੍ਹਾਂ ਦੇ ਵਿਕਾਸ ਬਾਰੇ ਸੋਚ ਰਹੇ ਹੋ, ਤਾਂ ਤੁਹਾਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਇਹ ਨਿਰਧਾਰਤ ਕਰਨ ਲਈ ਕੀ NEC ਮਨਜ਼ੂਰੀਆਂ ਜ਼ਰੂਰੀ ਹਨ, ਕੰਮ ਸ਼ੁਰੂ ਕਰਨ ਤੋਂ ਪਹਿਲਾਂ NEC ਨਾਲ ਮਸ਼ਵਰਾ ਜ਼ਰੂਰ ਕਰੋ।

NEC ਵਿਕਾਸ ਲਈ ਅਰਜ਼ੀਆਂ ਵਿੱਚ ਸ਼ਾਮਲ ਹੋ ਸਕਦੀਆਂ ਹਨ, ਨਵੇਂ ਸਿੰਗਲ ਘਰਾਂ, ਸੜਕ ਦੀ ਉਸਾਰੀ, ਖਾਣਾਂ, ਰੇਤ ਅਤੇ ਬਜਰੀ ਦਾ ਟੇਆ, ਵਾਈਨਰੀਆਂ, ਸਿੰਚਾਈ ਜਾਂ ਰੇਕ੍ਰੀਏਸ਼ਨਲ ਤਲਾਬਾਂ, ਜ਼ਮੀਨ ਦੇ ਗ੍ਰੇਡ ਵਿੱਚ ਬਦਲਾਅ ਅਤੇ ਕਿਸੇ ਵੀ ਜ਼ਮੀਨ, ਬਿਲਡਿੰਗ ਜਾਂ ਸਟ੍ਰਕਚਰ ਦੀ ਵਰਤੋਂ ਵਿੱਚ ਬਦਲਾਵਾਂ ਲਈ ਪ੍ਰਸਤਾਵ।

ਪ੍ਰਾਪਰਟੀ ਜਾਂ ਸਟ੍ਰਕਚਰ ਵਿੱਚ ਮਾਮੂਲੀ ਬਦਲਾਵਾਂ ਨੂੰ ਪਰਮਿਟ ਦੀ ਜ਼ਰੂਰਤ ਤੋਂ ਛੋਟ ਮਿਲ ਸਕਦੀ ਹੈ।

ਤਾਂ ਮੈਨੂੰ ਡਿਵੈਲਪਮੈਂਟ ਪਰਮਿਟ ਦੀ ਲੋੜ ਹੈ। ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇਕਰ ਤੁਹਾਨੂੰ ਪਰਮਿਟ ਦੀ ਲੋੜ ਹੈ, ਤਾਂ ਅਗਲਾ ਚਰਨ ਡਿਵੈਲਪਮੈਂਟ ਪਰਮਿਟ ਅਰਜ਼ੀ ਪੂਰਾ ਕਰਨਾ ਹੈ। ਅਰਜ਼ੀਆਂ, escarpment.org ਤੇ ਜਾਂ NEC ਦੇ ਦਫਤਰਾਂ ਵਿਖੇ ਉਪਲਬਧ ਹਨ। ਅਪਲਾਈ ਕਰਨ ਦੀ ਕੋਈ ਫੀਸ ਨਹੀਂ ਹੈ।

ਤੁਹਾਡੀ ਅਰਜ਼ੀ ਮਿਲਣ ਤੋਂ ਬਾਅਦ, NEC ਪਲਾਨਰ ਸਮੀਖਿਆ ਕਰੇਗਾ ਕਿ ਕੀ ਤੁਹਾਡੀ ਅਰਜ਼ੀ ਪੂਰੀ ਹੈ ਅਤੇ NEP ਨੀਤੀਆਂ ਦੇ ਅਨੁਪਾਲਣ ਨੂੰ ਯਕੀਨੀ ਬਣਾਉਣ ਲਈ ਵਾਤਾਵਰਣ ਤੇ ਪ੍ਰਸਤਾਵਿਤ ਵਿਕਾਸ ਦੇ ਸੰਭਾਵੀ ਅਸਰਾਂ ਦਾ ਮੁਲਾਂਕਣ ਕਰੇਗਾ।

ਪਲਾਨ, ਮਨਜ਼ੂਰੀ ਦੀ ਸਲਾਹ ਦਿੰਦੇ ਹੋਏ ਰਿਪੋਰਟ ਲਿਖੇਗਾ, ਜੇਕਰ:

- ਤੁਹਾਡਾ ਪ੍ਰਸਤਾਵ ਯੋਜਨਾ ਵਿੱਚ "ਇਜਾਜ਼ਤ ਦਿੱਤੀ ਵਰਤੋਂ" ਹੈ (NEP ਦਾ ਭਾਗ 1);
- ਇਹ ਪਲਾਨ ਦੇ ਵਿਕਾਸ ਸਬੰਧੀ ਮਾਪਦੰਡ ਨੂੰ ਪੂਰਾ ਕਰਦਾ ਹੈ (NEP ਦਾ ਭਾਗ 2);
- ਜੇਕਰ ਹੋਰ ਏਜੰਸੀਆਂ ਅਰਜ਼ੀ ਤੋਂ ਸੰਤੁਸ਼ਟ ਹਨ ਅਤੇ ਉਸਦੀ ਹਿਮਾਇਤ ਕਰਦੀਆਂ ਹਨ।

ਜੇ ਅਰਜ਼ੀਆਂ, ਗੈਰ-ਗੁੰਝਲਦਾਰ ਹਨ ਅਤੇ ਜਿਹਨਾਂ ਲਈ ਨੀਤੀ ਦੀ ਵਿਆਖਿਆ ਦੀ ਲੋੜ ਨਹੀਂ ਹੈ, ਉਹਨਾਂ ਨੂੰ NEC ਡਾਇਰੈਕਟਰ (NEC Director) ਵੱਲੋਂ ਸਟਾਫ ਲੈਵਲ ਤੇ ਮਨਜ਼ੂਰੀ ਦਿੱਤੀ ਜਾ ਸਕਦੀ ਹੈ। ਵੱਧ ਗੁੰਝਲਦਾਰ ਵਾਸਤੇ, ਫੈਸਲੇ ਲਈ ਕਮਿਸ਼ਨ ਕੋਲ ਜਾਣ ਦੀ ਲੋੜ ਹੋ ਸਕਦੀ ਹੈ, ਜਿਵੇਂ:

- ਉਹ ਅਰਜ਼ੀਆਂ, ਜਿਹਨਾਂ ਵਾਸਤੇ ਨੀਤੀ ਦੀ ਵਿਆਖਿਆ ਜ਼ਰੂਰੀ ਹੋਵੇ;
- ਉਹ ਅਰਜ਼ੀਆਂ, ਜਿਹਨਾਂ ਦੀ ਹਿਮਾਇਤ ਕਿਸੇ ਮਸ਼ਵਰਾ ਪ੍ਰਾਪਤ ਏਜੰਸੀ ਵੱਲੋਂ ਨਹੀਂ ਕੀਤੀ ਗਈ;
- ਉਹ ਅਰਜ਼ੀਆਂ, ਜੇ NEP ਅਨੁਪਾਲਣ ਮੁੱਦਿਆਂ ਨਾਲ ਜੁੜੀਆਂ ਹੋਈਆਂ ਹਨ।

ਡਿਵੈਲਪਮੈਂਟ ਪਰਮਿਟ ਅਰਜ਼ੀ ਮਨਜ਼ੂਰ ਹੋਣ ਤੇ, ਇਸ ਨਾਲ ਸ਼ਰਤਾਂ ਲਗਾਈਆਂ ਜਾਣਗੀਆਂ। ਤੁਹਾਡੀ ਅਰਜ਼ੀ ਦੀ ਜਟਿਲਤਾ ਦੇ ਅਧਾਰ ਤੇ, ਸ਼ਰਤਾਂ ਮਾਮੂਲੀ ਜਾਂ ਕਾਫੀ ਜ਼ਿਆਦਾ ਹੋ ਸਕਦੀਆਂ ਹਨ।

?

ਕੀ ਤੁਹਾਡੇ ਸਵਾਲ ਹਨ?

ਕੀ ਤੁਹਾਡੇ ਸਵਾਲ ਹਨ? ਨਿਆਗਰਾ ਐਸਕਾਰਪਮੈਂਟ ਕਮਿਸ਼ਨ ਨੂੰ 905-877-5191 ਤੇ ਫੋਨ ਕਰੋ, escarpment.org ਤੇ ਜਾਓ ਜਾਂ necgeorgetown@ontario.ca ਤੇ ਈਮੇਲ ਭੇਜੋ।

ਤੁਹਾਨੂੰ ਡਿਵੈਲਪਮੈਂਟ ਪਰਮਿਟ ਦੀ ਲੋੜ ਹੁੰਦੀ ਹੈ, ਜੇਕਰ...

ਪਰਮਿਟ ਦੀ ਲੋੜ ਵਾਲੀਆਂ ਆਮ ਗਤੀਵਿਧੀਆਂ ਦੇ ਉਦਾਹਰਨਾਂ ਵਿੱਚ ਸ਼ਾਮਲ ਹਨ:

- ਘਰ ਜਾਂ ਕੌਂਟੇਜ ਦੀ ਉਸਾਰੀ ਕਰਨਾ।
- ਕਿਸੇ ਇੰਡਸਟ੍ਰੀਅਲ, ਵਿਵਸਾਇਕ, ਰੇਕ੍ਰੀਏਸ਼ਨਲ ਜਾਂ ਸੰਸਥਾਗਤ ਬਿਲਡਿੰਗ ਦੀ ਉਸਾਰੀ ਕਰਨਾ।
- ਪ੍ਰਾਪਰਟੀ ਦੀ ਵਰਤੋਂ ਵਿੱਚ ਬਦਲਾਅ ਕਰਨਾ (ਜਿਵੇਂ, ਰਿਹਾਇਸ਼ੀ ਤੋਂ ਵਿਵਸਾਇਕ ਬਣਾਉਣਾ)।
- ਸਾਈਟ ਦੀ ਟੋਪੋਗ੍ਰਾਫੀ ਦੇ ਗ੍ਰੇਡ ਵਿੱਚ ਬਦਲਾਅ ਕਰਨਾ ਅਤੇ ਫਿਲ ਇੰਪੋਰਟ ਕਰਨਾ ਜਾਂ ਢੇਰ ਨੂੰ ਵੱਖਰਾ ਕਰਨਾ।
- ਨਵੀਂ ਸੜਕ ਦੀ ਉਸਾਰੀ ਕਰਨਾ ਜਾਂ ਕਿਸੇ ਮੌਜੂਦਾ ਸੜਕ ਵਿੱਚ ਵੱਡੇ ਬਦਲਾਅ ਕਰਨਾ।
- ਇੱਕ ਨਵਾਂ ਲੌਟ ਬਣਾਉਣਾ ਅਤੇ/ਜਾਂ ਵਿਕਸਿਤ ਕਰਨਾ।
- ਤਲਾਬ ਦੀ ਉਸਾਰੀ ਕਰਨਾ।
- ਘਰੇਲੂ ਕਾਰੋਬਾਰ ਸਥਾਪਤ ਕਰਨਾ।
- ਗੋਦਾਮ ਅਤੇ ਆਊਟਡੋਰ ਸਟੋਰੇਜ।
- ਪੈਸਿਵ ਐਨਰਜੀ ਫੈਸਿਲਿਟੀ।

ਤੁਹਾਨੂੰ ਇਹਨਾਂ ਲਈ ਡਿਵੈਲਪਮੈਂਟ ਪਰਮਿਟ ਦੀ ਲੋੜ ਨਹੀਂ ਹੁੰਦੀ...

ਕੁਝ ਮਾਮੂਲੀ ਵਿਕਾਸ ਕੰਮਾਂ ਨੂੰ ਛੋਟ ਦਿੱਤੀ ਗਈ ਹੈ।

ਆਮ ਉਦਾਹਰਨਾਂ ਵਿੱਚ ਸ਼ਾਮਲ ਹਨ:

- ਅੰਦਰੂਨੀ ਸਜਾਵਟ, ਮੁਰੰਮਤ ਜਾਂ ਪੁਨਰ ਨਿਰਮਾਣ (ਜੋ ਸਟ੍ਰਕਚਰ ਦੀ ਵਰਤੋਂ ਨੂੰ ਨਹੀਂ ਬਦਲਦਾ)।
- ਬਾਹਰਲੀ ਸਜਾਵਟ, ਦੇਖਭਾਲ ਜਾਂ ਮੁਰੰਮਤ (ਜੋ ਸਟ੍ਰਕਚਰ ਦੀ ਵਰਤੋਂ ਨੂੰ ਨਹੀਂ ਬਦਲਦਾ)।
- ਸਧਾਰਨ ਪ੍ਰਾਪਰਟੀ ਦੇਖਭਾਲ ਅਤੇ ਮਾਮੂਲੀ ਲੈਂਡਸਕੇਪਿੰਗ।
- ਰਿਹਾਇਸ਼ੀ ਖੂਹ ਜਾਂ ਇਸਦੀ ਰਿਪਲੇਸਮੈਂਟ।
- ਕਿਸੇ ਮੌਜੂਦਾ ਭੂਮੀਗਤ ਬਾਲਣ ਸਟੋਰੇਜ ਟੈਂਕ ਦੀ ਦੇਖਭਾਲ ਸਬੰਧੀ ਮੁਰੰਮਤ ਜਾਂ ਰਿਪਲੇਸਮੈਂਟ।
- ਰੁਕਾਵਟ-ਮੁਕਤ ਪਹੁੰਚ।

ਟੋਰੋਂਟੋ ਐਂਡ ਰੀਜਨ ਕਨਜਰਵੇਸ਼ਨ ਅਥੌਰਿਟੀ (Toronto and Region Conservation Authority) (TRCA)

TRCA ਦਾ ਉਦੇਸ਼, ਕੁਦਰਤੀ ਵਾਤਾਵਰਣ ਦੀ ਸਿਹਤ ਵਿੱਚ ਸੁਧਾਰ ਅਤੇ ਸਥਿਰ ਭਵਿੱਖ ਬਣਾਉਣ ਵਿੱਚ ਮਦਦ ਕਰਨਾ ਹੈ। ਅਜਿਹਾ ਕਰਕੇ, ਅਸੀਂ ਕੁਦਰਤ ਦੇ ਨਾਲ ਮਿਲਜੁਲ ਕੇ ਰਹਿੰਦੇ ਹਾਂ ਅਤੇ ਸਮੁੱਚੇ ਤੌਰ ਤੇ ਵੱਧ ਸਿਹਤਮੰਦ ਸਮਾਜ ਬਣਦੇ ਹਾਂ।

ਇੱਥੇ ਤੁਹਾਡੀ ਪ੍ਰਾਪਰਟੀ ਲਈ ਕੁਝ ਸਥਿਰ ਉਪਾਅ ਦਿੱਤੇ ਗਏ ਹਨ:

ਰੇਨ ਬੈਰਲਸ

ਰੇਨ ਬੈਰਲਸ ਦੇ ਨਾਲ ਤੁਸੀਂ ਪਾਣੀ ਵਾਲੇ ਲਾਅਨਾਂ ਅਤੇ ਗਾਰਡਨਾਂ ਤੋਂ ਵਰਖਾ ਦਾ ਪਾਣੀ ਇਕੱਤਰ, ਸਟੋਰ ਕਰ ਅਤੇ ਵਰਤ ਸਕਦੇ ਹੋ ਅਤੇ ਨਾਲ ਹੀ, ਇਹ ਤੁਹਾਡੇ ਪਾਣੀ ਦੇ ਬਿਲ ਦੀ ਬੱਚਤ ਕਰਨ ਵਿੱਚ ਵੀ ਤੁਹਾਡੀ ਮਦਦ ਕਰਦਾ ਹੈ। ਗਰਮੀ ਦੇ ਦੌਰਾਨ, ਰੇਨ ਬੈਰਲਸ ਗ੍ਰਾਊਂਡਵਾਟਰ ਰਿਜ਼ਰਵਸ ਤੇ ਦਬਾਅ ਨੂੰ ਘਟਾਉਂਦੇ ਹਨ। ਰੇਨ ਬੈਰਲ ਨੂੰ ਲਗਾਉਣਾ ਅਸਾਨ ਹੈ - ਸਹੀ ਜਗ੍ਹਾ ਚੁਣੋ, ਡਾਊਨਸਪਾਉਟ ਨੂੰ ਡਿਸਕਨੈਕਟ ਕਰੋ ਅਤੇ ਰੇਨ ਬੈਰਲ ਨੂੰ ਵਰਖਾ ਦਾ ਪਾਣੀ ਲੈਣ ਵਾਸਤੇ ਅਟੈਚ ਕਰ ਦਿਓ। ਅਸਾਨ। ਨਾਲ ਹੀ, ਵਾਤਾਵਰਣ ਲਈ ਬਹੁਤ ਚੰਗਾ।

ਰੇਨ ਗਾਰਡਨ

ਰੇਨ ਗਾਰਡਨ, ਗ੍ਰਾਊਂਡਵਾਟਰ ਰਿਜ਼ਰਵਸ ਨੂੰ ਰਿਚਾਰਜ ਕਰਨ ਲਈ ਵਰਖਾ ਨੂੰ ਕੈਪਚਰ ਕਰਕੇ ਅਤੇ ਫਰਟੀਲਾਈਜ਼ਰ ਅਤੇ ਹੋਰ ਪ੍ਰਦੂਸ਼ਕਾਂ ਨੂੰ ਸਟੌਰਮ ਡ੍ਰੇਨਾਂ ਵਿੱਚ ਜਾਣ ਤੋਂ ਪਹਿਲਾਂ ਹੀ ਉਹਨਾਂ ਨੂੰ ਫਿਲਟਰ ਕਰਕੇ ਵਾਤਾਵਰਣ ਤੇ ਬਹੁਤ ਵੱਡਾ ਅਸਰ ਪਾਉਂਦੇ ਹਨ। ਉਹ ਪੰਛੀਆਂ, ਤਿਤਲੀਆਂ ਅਤੇ ਲਾਭਕਾਰੀ ਕੀਟਾਂ ਲਈ ਨਿਵਾਸ ਸਥਾਨ ਵੀ ਪ੍ਰਦਾਨ ਕਰਦੇ ਹਨ - ਇਹ ਸਭ ਕੁਝ ਬਹੁਤ ਹੀ ਮਾਮੂਲੀ ਦੇਖਭਾਲ ਨਾਲ ਹੁੰਦਾ ਹੈ।

ਪੋਲੀਨੇਟਰ ਗਾਰਡਨ

ਲਗਭਗ 75 ਪ੍ਰਤੀਸ਼ਤ ਫੁੱਲਾਂ ਵਾਲੇ ਪੌਦੇ ਪਰਾਗ ਕਣਾਂ ਤੇ ਨਿਰਭਰ ਹੁੰਦੇ ਹਨ, ਸਾਡੇ ਜ਼ਿਆਦਾਤਰ ਫਲਾਂ ਅਤੇ ਸਬਜ਼ੀਆਂ ਸਮੇਤ। ਕੈਨੇਡਾ, ਪਰਾਗ ਕਣਾਂ ਦੀਆਂ 1000 ਤੋਂ ਵੱਧ ਉਪਜਾਤੀਆਂ ਦਾ ਘਰ ਹੈ, ਪਰੰਤੂ ਇਹਨਾਂ ਨੂੰ ਸ਼ਹਿਰੀ ਵਿਕਾਸ ਅਤੇ ਕੁਦਰਤੀ ਖੇਤਰਾਂ ਨੂੰ ਸੱਖਣਾ ਕਰਨ ਦੇ ਕਾਰਨ, ਖਤਰਾ ਹੈ। ਪਰਾਗ ਕਣਾਂ ਦੇ ਬਿਨਾਂ ਅਸੀਂ ਕਈ ਭੋਜਨ ਗੁਆ ਸਕਦੇ ਹਾਂ, ਇਹਨਾਂ ਵਿੱਚ ਸ਼ਾਮਲ ਹਨ, ਸੇਬ, ਬਲੂਬੇਰੀਜ, ਸਟ੍ਰਾਬੇਰੀਜ, ਆੜੂ, ਚੌਕਲੇਟ, ਬਦਾਮ ਅਤੇ ਕੱਦੂ। ਪੋਲੀਨੇਟਰ ਗਾਰਡਨ, ਹਮਿੰਗਬਰਡਸ, ਤਿਤਲੀਆਂ, ਪਤੰਗਿਆਂ, ਮਧੂ ਮੱਖੀਆਂ ਅਤੇ ਭੌਰਿਆਂ ਵਰਗੇ ਪਰਾਗ ਕਣਾਂ ਦਾ ਘਰ ਹੁੰਦਾ ਹੈ। ਤੁਹਾਡੇ ਪਰਾਗ ਕਣ ਨਿਵਾਸ ਸਥਾਨ ਵਿੱਚ ਦੇਸੀ ਪੌਦੇ, ਮਧੂ-ਰਸ, ਫੁੱਲ ਦਾ ਬੂਰ, ਭਿੰਡ ਭੋਜਨ ਅਤੇ ਸ਼ੈਲਟਰ ਪ੍ਰਦਾਨ ਕਰਨਗੇ, ਜਿਸਦੀ ਇਹਨਾਂ ਪਰਾਗ ਕਣਾਂ ਨੂੰ ਜੀਵਿਤ ਰਹਿਣ ਵਾਸਤੇ ਲੋੜ ਹੁੰਦੀ ਹੈ।

ਕੀ ਤੁਸੀਂ ਆਪਣੇ ਭਵਿੱਖ ਵਿੱਚ ਆਪਣੀ ਪ੍ਰਾਪਰਟੀ ਵਿੱਚ ਬਦਲਾਅ ਕਰੋਗੇ?

ਜੇਕਰ ਤੁਸੀਂ ਆਪਣੀ ਪ੍ਰਾਪਰਟੀ ਵਿੱਚ ਨਿਰਮਾਣ ਕਰਨ ਦੀ ਯੋਜਨਾ ਬਣਾ ਰਹੇ ਹੋ, ਤਾਂ ਧਿਆਨ ਵਿੱਚ ਰੱਖੋ ਕਿ TRCA, ਹੜ੍ਹ ਜਾਂ ਖੋਰ ਦੇ ਅਧੀਨ ਖੇਤਰਾਂ ਵਿੱਚ ਅਤੇ ਉੱਥੇ ਵਿਕਾਸ ਨੂੰ ਨਿਯੰਤਰਿਤ ਕਰਦੀ ਹੈ, ਜਿੱਥੇ ਗਿੱਲੀ ਜ਼ਮੀਨ, ਤੱਟ ਰੇਖਾਵਾਂ ਜਾਂ ਜਲ ਮਾਰਗ ਪ੍ਰਤੀਕੂਲ ਰੂਪ ਨਾਲ ਪ੍ਰਭਾਵਿਤ ਹੋ ਸਕਦੇ ਹਨ। ਇਸ ਕਰਕੇ ਇਹਨਾਂ ਵਿੱਚੋਂ ਕਿਸੇ ਵੀ ਗਤੀਵਿਧੀ ਲਈ ਪਰਮਿਟ ਜ਼ਰੂਰੀ ਹੋ ਸਕਦਾ ਹੈ।

ਇਹ ਪਤਾ ਲਗਾਉਣ ਲਈ ਕਿ ਕੀ ਤੁਹਾਡੀ ਪ੍ਰਾਪਰਟੀ TRCA ਦੇ ਅੰਦਰ ਆਉਂਦੀ ਹੈ, ਕਿਰਪਾ ਕਰਕੇ trca.ca ਤੇ "Planning and Permits" (ਪਲਾਨਿੰਗ ਅਤੇ ਪਰਮਿਟ) ਤੇ ਜਾਓ ਅਤੇ "Regulated Area Search" (ਨਿਯੰਤਰਿਤ ਖੇਤਰ ਖੋਜ) ਟੂਲ ਵਰਤੋ।

ਇਸ ਬਾਰੇ ਵਧੇਰੇ ਵਿਸਤ੍ਰਿਤ ਸਮੀਖਿਆ ਲਈ ਕਿ ਸਾਡੇ ਵਿਨਿਯਮ ਅਤੇ ਹੋਰਾਂ TRCA ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਦੁਆਰ ਕਿਵੇਂ ਪ੍ਰਭਾਵਿਤ ਹੋ ਸਕਦੀ ਹੈ, trca.ca ਦੀ ਪ੍ਰਾਪਰਟੀ ਪੁੱਛਗਿੱਛ ਜਾਂ ਹੋਰ ਸੇਵਾਵਾਂ ਵਰਤਣ ਬਾਰੇ ਸੋਚੋ।

ਕੀ ਤੁਹਾਡੇ ਸਵਾਲ ਹਨ?

ਟੋਰੋਂਟੋ ਐਂਡ ਰੀਜਨ ਕਨਜਰਵੇਸ਼ਨ ਅਥਾੱਰਿਟੀ ਨੂੰ 416-661-6600 ਜਾਂ 1-888-872-2344 ਤੇ ਫੋਨ ਕਰੋ, trca.ca ਤੇ ਜਾਓ ਜਾਂ info@trca.ca ਤੇ ਈਮੇਲ ਭੇਜੋ।

ਨੋਟਸ

ਨੋਟਸ

ਵਿਸ਼ਾ-ਸੂਚੀ

A

ਜਾਨਵਰ 11, 56, 64

ATVs 55

B

ਬੁਲੇਵਾਰਡਸ 25, 38

ਬੁਲੇਵਾਰਡਸ 38

C

ਕੈਲਡਨ OPP ..... 59.

ਕੈਂਪਿੰਗ ..... 41.

ਕਾਰਬਨ ਮੋਨੋਆਕਸਾਈਡ ਅਲਾਰਮ ..... 61.

ਬਿੱਲੀਆਂ ..... 14.

ਚੂਚੇ (ਚਿਕਨ) ..... 12.

ਕਮਿਉਨਿਟੀ ਕਾਰਜਕਰਮ ..... 50.

ਉਸਾਰੀ ..... 39.

ਉਸਾਰੀ ਬਿਨਸ ..... 41.

ਕ੍ਰੈਡਿਟ ਵੈਲੀ ਕਨਜਰਵੇਸ਼ਨ ..... 65.

ਅਪਰਾਧ ਦੀ ਰੋਕਥਾਮ 58, 59

D

ਕੁੱਤੇ 11, 13, 56

ਡ੍ਰਾਈਵਵੇ 24, 25

E

ਕਾਰਜਕਰਮ 50, 52

F

ਵਾੜਾਂ ..... 28.

ਅੱਗ ਲੱਗਣਾ ..... 60.

ਪਟਾਕੇ 60

G

ਗੈਰਾਜ ਵਿਕਰੀ ..... 50.

ਕੂੜਾ 18, 39

ਗਾਰਡਨ ..... 70.

ਘਾਹ 31

H

ਹੌਟ ਟੱਬ 27

L

ਲੈਂਡਸਕੇਪਿੰਗ 64, 65

ਲਾਅਨਮਾਵਰ 49

M

ਸੰਗੀਤ 49

N

ਨੇਬਰਹੁੱਡ ਵਾਚ 59

ਸ਼ੋਰ 18, 49

O

ਓਨਟੈਰੀਓ ਪ੍ਰੋਵਿੰਸੀਅਲ ਪੁਲਿਸ 59

ਔਰਗੈਨਿਕਸ 18, 39

ਰਾਤ ਭਰ ਦੀ ਅਤੇ ਵਧਾਈ ਹੋਈ ਪਾਰਕਿੰਗ 41

ਵਿਸ਼ਾ-ਸੂਚੀ

P

ਸੜਕਾਂ ਤੇ ਪਾਰਕਿੰਗ ..... 41.
ਪਾਰਕਿੰਗ ਪਾਸ 41, 45
ਪਾਰਕਿੰਗ ਟਿਕਟਾਂ..... 42
ਪਾਰਕ..... 54, 56
ਪਰਮਿਟ 42, 60, 66, 70
ਪਾਲਤੂ ਜਾਨਵਰ..... 11
ਪੋਲੀਨੇਟਰ ਗਾਰਡਨ 70
ਪ੍ਰਾਪਰਟੀ ਟੈਕਸ..... 21

R

ਰੇਨ ਬੈਰਲਸ..... 69.
ਰੇਨ ਗਾਰਡਨ ..... 69.
ਮਨੋਰੰਜਨ..... 54.
ਰੇਕ੍ਰੀਏਸ਼ਨਲ ਫਾਇਰਸ ..... 60.
ਰਿਸਾਇਕਲਿੰਗ 18, 39
ਰੀਜਨ ਔਫ ਪੀਲ..... 18, 26, 27, 45
ਰੋਡਕਿਲ..... 43.
ਸੜਕਾਂ..... 45

S

ਸੈਪਟਿਕ ਸਿਸਟ 32, 65
ਸ਼ੈੱਡ..... 32, 34
ਸਾਈਨ ਬੋਰਡ ..... 50.
ਧੁੰਏਂ ਦੇ ਅਲਾਰਮ..... 61.
ਸਨੋਮੋਬਾਈਲਸ ..... 55.
ਸਵਿਮਿੰਗ ਪੂਲਸ 65

T

ਟ੍ਰੇਲਸ..... 56.
TRCA 69, 70
ਰੁੱਖਾਂ ਨੂੰ ਹਟਾਉਣਾ..... 34.
ਰੁੱਖ 33, 55

W

ਗੰਦਾ ਪਾਣੀ..... 21, 32
ਪਾਣੀ..... 21, 26, 36, 55, 64, 69, 70
ਖੂਹ..... 27.
ਜੰਗਲੀ ਜਾਨਵਰ ..... 64.
ਸਰਦੀ ਦੀ ਪਾਰਕਿੰਗ..... 45

TOWN OF CALEDON

905.584.2272 | ਬਾਅਦ ਦੇ ਘੰਟਿਆਂ ਦੀਆਂ ਐਮਰਜੈਂਸੀ ਸਥਿਤੀਆਂ:
1.800.563.7881

caledon.ca | info@caledon.ca

FOLLOW US For real-time updates

twitter.com/townofcaledon
facebook.com/thetownofcaledon
instagram.com/townofcaledon

2023